ਅੰਮ੍ਰਿਤ ਕਲਾ

ਭਾਈ ਰਣਧੀਰ ਸਿੰਘ

ਸਭ ਹੱਕ ਰਾਖਵੇਂ ਹਨ।

੧ ੴ ਵਾਹਿਗੁਰੂ ਜੀ ਕੀ ਫਤਹ ॥

÷×÷

ਭਇਆ ਮਨੂਰ ਕੰਚਨ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥

ਅੰਮ੍ਰਿਤ-ਕਲਾ

ਅਰਥਾਤ

ਪਤਿਤ ਨੂੰ ਅੰਮ੍ਰਿਤ ਦੀ ਲੋੜ

ਅੰਮ੍ਰਿਤ ਕਿਉਂ ਛਕੀਦਾ ਹੈ? ਅੰਮ੍ਰਿਤ ਦੀ ਕਲਾ ਕਿਵੇਂ ਵਰਤਦੀ ਤੇ ਕਾਇਮ ਰਹਿੰਦੀ ਹੈ? ਪਤਿਤ ਨੂੰ ਅੰਮ੍ਰਿਤ ਛਕਣ ਦੀ ਕਿਉਂ ਲੋੜ ਹੈ? ਇਤਿਆਦਿ ਪ੍ਰਸ਼ਨਾਂ ਦੇ ਉੱਤਰ।

ਲਿਖਤ–
ਭਾਈ ਸਾਹਿਬ ਰਣਧੀਰ ਸਿੰਘ ਜੀ

ਪ੍ਰਕਾਸ਼ਕ:–
ਨਾਹਰ ਸਿੰਘ ਗਿਆਨੀ

ਤੀਜੀ ਵਾਰ ਸਤੰਬਰ ੧੯੫੯ [੫੦੦] ਮੁੱਲ ਛੇ ਆਨੇ

294.5
R15H

ਤਤਕਰਾ

ਪ੍ਰਕਰਣ	ਪੰਨਾ
੧. ਅੰਮ੍ਰਿਤ ਤੇ ਇਸ ਦਾ ਅਸਰ	੫
੨. ਅੰਮ੍ਰਿਤ ਦਾ ਅਸਰ ਕਿਵੇਂ ਗੁੰਮ ਹੁੰਦਾ ਹੈ	੭
੩. ਅੰਮ੍ਰਿਤ ਦੀ ਮਹੱਤਤਾ—ਅੰਮ੍ਰਿਤ ਛਕਾਉਣਾ ਮੁੜ ਸੁਰਜੀਤ ਕਰਨਾ ਹੈ	੯–੧੦
੪. ਚੜ੍ਹਦੀ ਕਲਾ ਕਿਵੇਂ ਹੋ ਸਕਦੀ ਹੈ ?	੧੩
੫. ਅੰਮ੍ਰਿਤ ਨਾਮ ਯਾ ਨਾਮ ਅੰਮ੍ਰਿਤ	੨
੬. ਮਨਮੁਖਤਾਈ ਦਾ ਫਲ—ਜਨਮ ਅਜਾਈਂ ਕਿਵੇਂ ਜਾਂਦਾ ਹੈ ?	੨੪–੨
੭. ਅੰਮ੍ਰਿਤ ਦੀ ਸਾਰ ਕੌਣ ਜਾਣਦਾ ਹੈ ?	੩
੮. ਨਾਮ ਤੋਂ ਬੇਮੁਖ ਹੋਣ ਦਾ ਨਤੀਜਾ	੩
੯. ਅੰਮ੍ਰਿਤ ਕਿਸ ਨੂੰ ਤੇ ਕਿਵੇਂ ਮਿਲਦਾ ਹੈ ?	੪
੧੦. ਵਿਸ਼ੇ ਵਿਕਾਰਾਂ ਤੋਂ ਬਚਾਉ ਕਿਵੇਂ ਹੋਵੇ	੪
੧੧. ਸੱਚਾ ਚਾਨਣ ਮੁਨਾਰਾ	੫
੧੨. ਸੱਚਾ ਅਨੰਦ ਤੇ ਤਨ ਮਨ ਦਾ ਮਉਲਣਾ	੫
੧੩. ਅੰਮ੍ਰਿਤ ਕਿਵੇਂ ਟੁੱਟਦਾ ਹੈ ?	੬
੧੪. ਪਤਿਤ ਲੋਕਾਂ ਦੀ ਦਸ਼ਾ ਤੇ ਇਸ ਦਾ ਇਲਾਜ	੬
੧੫. ਸਿੱਟਾ	੭

ਮੁਖ-ਬਚਨ

੧੯੩੬ ਈਸਵੀ ਵਿਚ ਬਰਮਾ ਤੋਂ ਕੁਝ ਸਜਣਾਂ ਦੀਆਂ ਚਿੱਠੀਆਂ ਸ੍ਰੀ ਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਆਈਆਂ ਸਨ, ਜਿਨ੍ਹਾਂ ਵਿਚ ਇਹ ਸਵਾਲ ਪੁੱਛਿਆ ਗਿਆ ਸੀ ਕਿ ਇਕ ਵਾਰ ਅੰਮ੍ਰਿਤ ਛਕ ਕੇ ਜੇ ਕੋਈ ਫੇਰ ਕੁਰਹਿਤ ਕਰ ਲਵੇ, ਉਸ ਨੂੰ ਮੁੜ ਅੰਮ੍ਰਿਤ ਛਕਣਾ ਚਾਹੀਦਾ ਹੈ ਯਾ ਨਹੀਂ? ਏਹ ਸਵਾਲ ਏਸ ਲਈ ਪੈਦਾ ਹੋਇਆ ਕਿ ਬਰਮਾ ਨਿਵਾਸੀ ਕਈ ਸਿਖਾਂ ਵਿਚ ਏਹ ਖਿਆਲ ਪੈਦਾ ਹੋ ਗਿਆ ਸੀ ਕਿ ਕਿਸੇ ਪ੍ਰਾਣੀ ਨੂੰ ਇਕ ਵਾਰ ਅੰਮ੍ਰਿਤ ਛਕਾਇਆ ਮੁੜ ਅਨ-ਅੰਮ੍ਰਿਤ ਨਹੀਂ ਹੋ ਸਕਦਾ, ਭਾਵੇਂ ਉਹ ਅੰਮ੍ਰਿਤਧਾਰੀ ਚਾਰੇ ਵੱਡੀਆਂ ਕੁਰਹਿਤਾਂ ਯਾ ਏਹਨਾਂ ਵਿਚੋਂ ਕੋਈ ਇਕ ਕੁਰਹਿਤ ਕਰ ਕੇ ਪਤਿਤ ਹੀ ਕਿਉਂ ਨਾ ਹੋ ਜਾਵੇ। ਏਸ ਸਬੰਧ ਵਿਚ ਭਾਈ ਸਾਹਿਬ ਜੀ ਨੇ "ਪਤਿਤ ਨੂੰ ਅੰਮ੍ਰਿਤ ਦੀ ਲੋੜ" ਨਾਮੇ ਇਕ ਲੰਮਾ ਲੇਖ ਲਿਖਣਾ ਸ਼ੁਰੂ ਕੀਤਾ, ਜੋ ਪਹਿਲਾਂ ਹਫਤੇ-ਵਾਰ ਅਖਬਾਰ 'ਗੁਰ ਸੇਵਕ' ਅੰਮ੍ਰਿਤਸਰ ਵਿਚ ਛਪਦਾ ਰਿਹਾ, ਫੇਰ ਏਹੋ ਲੇਖ ਪੁਸਤਕ ਦੀ ਸ਼ਕਲ ਵਿਚ ਅਕਤੂਬਰ ੧੯੩੯ ਵਿਚ ਪਹਿਲੀ ਵਾਰ ਇਕ ਹਜ਼ਾਰ ਦੀ ਗਿਣਤੀ ਵਿਚ ਪ੍ਰਕਾਸ਼ਤ ਹੋਇਆ। ਪਹਿਲੀ ਐਡੀਸ਼ਨ ਖਤਮ ਹੋ ਜਾਣ ਪਰ ਦੂਜੀ ਤੇ ਇਹ ਤੀਜੀ ਐਡੀਸ਼ਨ ਪ੍ਰਕਾਸ਼ਤ ਕੀਤੀ ਗਈ ਹੈ।

ਏਸ ਪੁਸਤਕ ਦੇ ਸਾਰੇ ਪੰਦਰਾਂ ਪ੍ਰਕਰਣ ਹਨ, ਜਿਨ੍ਹਾਂ ਵਿਚ ਹੇਠ ਲਿਖੀਆਂ ਗੁਰਮਤ ਗੱਲਾਂ ਦਾ ਨਿਰਣਾ ਕੀਤਾ ਗਿਆ ਹੈ ਕਿ ਅੰਮ੍ਰਿਤ ਕਿਉਂ ਛਕਾਇਆ ਜਾਂਦਾ ਹੈ? ਇਸ ਦੀ ਅੰਮ੍ਰਿਤ ਕਲਾ ਕਿਵੇਂ ਵਰਤਦੀ ਹੈ ਤੇ ਕਿਵੇਂ ਕਾਇਮ ਰਹਿ ਸਕਦੀ ਹੈ? ਅੰਮ੍ਰਿਤ

ਕਲਾ ਤੋਂ ਅੰਮ੍ਰਿਤਧਾਰੀ ਕਿਵੇਂ ਡਿਗਦਾ ਤੇ ਸੱਖਣਾ ਹੋ ਜਾਂਦਾ ਹੈ? ਮੁੜ ਪਤਿਤ ਅਰਥਾਤ ਡਿਗੇ ਹੋਏ ਨੂੰ ਅੰਮ੍ਰਿਤ ਛਕਣ ਦੀ ਫੇਰ ਕਿਉਂ ਲੋੜ ਹੈ? ਇਹ ਸਾਰਾ ਨਿਰਣਾ ਬੜੀ ਵਿਚਾਰ ਪੂਰਬਕ ਗੁਰਬਾਣੀ ਦੇ ਪ੍ਰਮਾਣਾਂ ਦੁਆਰਾ ਕੀਤਾ ਗਿਆ ਹੈ। ਪਹਿਲਾਂ ਏਸ ਪੁਸਤਕ ਦਾ ਨਾਮ 'ਪਤਿਤ ਨੂੰ ਅੰਮ੍ਰਿਤ ਦੀ ਲੋੜ' ਸੀ; ਪਰ ਚੂੰਕਿ ਏਸ ਵਿਚ ਅੰਮ੍ਰਿਤ ਦੀ ਕਲਾ ਦੇ ਵਰਤਣ, ਸਥਿਰ ਰਹਿਣ ਅਤੇ ਮੁੜ ਜਾਂਦੀ ਰਹਿਣ ਤੇ ਫੇਰ ਏਸ ਨੂੰ ਸੁਰਜੀਤ ਕਰਨ ਲਈ ਦੁਬਾਰਾ ਅੰਮ੍ਰਿਤ ਛਕਣ ਦੀ ਵਿਚਾਰ ਹੈ; ਏਸ ਲਈ ਪਰਤੀਤ ਹੋਇਆ ਹੈ ਕਿ ਪੁਸਤਕ ਦਾ ਨਾਮ 'ਅੰਮ੍ਰਿਤ ਕਲਾ' ਰੱਖਣਾ ਵਧੇਰੇ ਫਬਦਾ ਤੇ ਢੁਕਦਾ ਹੈ, ਇਸ ਲਈ ਇਸ ਦਾ ਨਾਮ ਹੁਣ 'ਅੰਮ੍ਰਿਤ ਕਲਾ' ਰਖਿਆ ਗਿਆ ਹੈ।

ਏਸ ਨੂੰ ਪੜ੍ਹ ਕੇ ਅੱਗੇ ਬਹੁਤਿਆਂ ਨੇ ਲਾਭ ਉਠਾਇਆ ਹੈ, ਆਸ਼ਾ ਹੈ ਕਿ ਹੁਣ ਭੀ ਅਨੇਕਾਂ ਗੁਰਮਤ ਖੋਜੀਆਂ ਨੂੰ ਲਾਭ ਪਹੁੰਚੇਗਾ।

ਸਤੰਬਰ ੧੯੪੯] ਦਾਸ-ਨਾਹਰ ਸਿੰਘ ਗਿਆਨੀ

ਪਤਿਤ ਨੂੰ ਅੰਮ੍ਰਿਤ ਦੀ ਲੋੜ

ਅੰਮ੍ਰਿਤ ਤੇ ਇਸ ਦਾ ਅਸਰ

ਕਈ ਸੱਜਣਾਂ ਦਾ ਖਿਆਲ ਹੈ, ਖਿਆਲ ਹੀ ਨਹੀਂ ਬਲਕਿ ਉਹਨਾਂ ਦੀ ਇਹ ਰਾਇ ਕਾਇਮ ਹੋ ਚੁਕੀ ਹੈ ਕਿ ਕਿਸੇ ਪ੍ਰਾਣੀ ਨੂੰ ਇਕ ਵਾਰ ਅੰਮ੍ਰਿਤ ਛਕਾਇਆ ਹੋਇਆ ਫੇਰ ਕਿਸੇ ਸੂਰਤ ਵਿਚ ਵੀ ਅਨ-ਅੰਮ੍ਰਿਤ ਨਹੀਂ ਹੋ ਸਕਦਾ, ਅਰਥਾਤ ਜਿਸ ਅੰਮ੍ਰਿਤ ਅਭਿਲਾਖੀ ਨੂੰ ਇਕ ਵਾਰ ਅੰਮ੍ਰਿਤ ਪਾਨ ਕਰਾ ਦਿਤਾ ਗਿਆ, ਉਸ ਨੂੰ ਬਹੁੜਿ ਦੂਜੀ ਵਾਰ ਅੰਮ੍ਰਿਤ ਛਕਣ ਦੀ ਲੋੜ ਨਹੀਂ ਰਹਿੰਦੀ, ਚਾਹੇ ਉਹ ਪਤਿਤ ਕਰੰਮੀ ਚਾਰੇ ਵੱਡੀਆਂ ਕੁਰਹਿਤਾਂ ਵਿਚੋਂ ਕੋਈ ਕੁਰਹਿਤ ਯਾ ਸਾਰੀਆਂ ਕੁਰਹਿਤਾਂ ਹੀ ਕਰ ਲਵੇ। ਕਈ ਸਿਖ ਮੁਖੀਆਂ ਵਲੋਂ ਇਸ ਪ੍ਰਕਾਰ ਦੀ ਖੁਲ੍ਹਮ ਖੁਲ੍ਹੀ ਰਾਇਜ਼ਨੀ ਹੁੰਦੀ ਦੇਖ ਕੇ ਬਹੁਤ ਸਾਰੇ ਸਰਧਾ ਵਾਨ ਸਿਖ ਜਗਿਆਸੂਆਂ ਦੇ ਹਿਰਦਿਆਂ ਨੂੰ ਬੜੀ ਠੇਸ ਲਗੀ ਹੈ। ਏਸ ਸਬੰਧ ਵਿਚ ਕਈ ਸੱਜਣਾਂ ਦੀਆਂ ਚਿੱਠੀਆਂ ਭੀ ਆਈਆਂ। ਤਾਂਤੇ ਮਜਬੂਰ ਹੋ ਕੇ ਅਸਾਨੂੰ ਇਸ ਟਪਲਾ ਦੇਣ ਵਾਲੇ ਟਾਪਿਕ (Topic) ਪ੍ਰਥਾਇ ਟੀਕਾ ਟਿਪਣੀ ਕਰਨੀ ਅਵੱਸ਼ ਜ਼ਰੂਰੀ ਹੋ ਗਈ। ਅੰਮ੍ਰਿਤੁ ਬੇਸ਼ਕ ਅੰਮ੍ਰਿਤ ਹੈ, ਕਦੇ ਭੀ ਅਨ-ਅੰਮ੍ਰਿਤ ਨਹੀਂ ਹੋ ਸਕਦਾ ਪਰ ਜੇ ਕਰ ਆਤਮ ਅਵਸਥਾ ਤੇ ਪ੍ਰਗ ਖਲੋਤੇ ਅਮਰ ਜੀਵਨੀ ਗੁਰਮੁਖਿ ਪੰਜਾਂ ਪਿਆਰਿਆਂ ਦੇ ਪੁੰਜ ਵਲੋਂ

ਪੂਰਨ ਗੁਰਮਰਯਾਦਾ ਅਨੁਸਾਰ ਪੂਰਨ ਅੰਮ੍ਰਿਤ ਅਧਿਕਾਰੀ ਅੰਮ੍ਰਿਤ ਪਾਤਰਾਂ ਨੂੰ ਛਕਾਇਆ ਜਾਵੇ। ਐਸਾ ਸੰਯੋਗ ਜੁੜਨ ਪਰ ਤਾਂ ਤਤਕਾਲ ਹੀ ਅੰਮ੍ਰਿਤ ਕਲਾ ਵਰਤਣ ਵਿਚ ਰੰਚਿਕ ਮਾਤ੍ਰ ਸੰਦੇਹ ਨਹੀਂ ਰਹਿੰਦਾ। ਇਕ ਨਹੀਂ ਅਨੇਕ ਵਾਰ ਐਸਾ ਦੇਖਿਆ ਗਿਆ ਹੈ ਕਿ ਜਿਥੇ ਅੰਮ੍ਰਿਤ ਛਕਾਉਣ ਸਮੇਂ ਉੱਚ ਆਤਮ ਕਮਾਈਆਂ ਵਾਲੇ ਪੰਜਾਂ ਪਿਆਰਿਆਂ ਦਾ ਸੰਜੋਗ ਤਾਂ ਆ ਜੁੜੇ ਪਰ ਅੰਮ੍ਰਿਤ ਅਭਿਲਾਖੀ ਸਜਣਾਂ ਦੀ ਅੰਮ੍ਰਿਤ ਪਾਤਰਤਾ ਅੰਦਰਿ ਭਿੰਨ ਭਿੰਨ ਅੰਤਰਾ ਹੋਵੇ। ਓਥੇ ਅੰਮ੍ਰਿਤ ਛਕਣ ਵਾਲੇ ਸਜਣਾਂ ਦੇ ਆਤਮ-ਜੀਵਨਾਂ ਉਤੇ ਅਧਿਕਾਰ ਬਵਸਥਾ ਅਨੁਸਾਰ ਅੰਮ੍ਰਿਤ ਕਲਾ ਦੇ ਭਿੰਨ ਰ ਰੰਗ ਚੜ੍ਹਦੇ ਹਨ। ਜੋ ਭਾਂਡੇ ਅੰਮ੍ਰਿਤ ਸੰਚਾਰ ਲਈ ਅਜ ਪੂਰੇ ਪੂਰੇ ਤਿਆਰ ਨਹੀਂ ਹੁੰਦੇ, ਤਿਨਾਂ ਭਾਂਡਿਆਂ ਅੰਦਰਿ ਪੂਰਨ ਅੰਮ੍ਰਿਤ ਕਲਾ ਨਹੀਂ ਵਰਤਦੀ ਅਤੇ ਐਨ ਓਸੇ ਸਮੇਂ ਇਕੋ ਅੰਮ੍ਰਿਤ ਬਾਟੇ ਦੇ ਸਾਂਝੀਵਾਲ ਪਰੰਤੂ ਪੂਰਨ ਅੰਮ੍ਰਿਤ ਪਾਤਰੀ ਸਜਣਾਂ ਨੂੰ ਇਕ ਦੰਮ ਅੰਮ੍ਰਿਤ ਛਕਣ ਸਾਰ ਹੀ ਅਮਰ ਅਟਾਰਿਆਂ ਤੇ ਸਮਾਧਿ ਸਿਥਿਤ ਹੁੰਦੇ ਦੇਖਿਆ ਹੈ ਜੋ ਭਾਂਡੇ ਅੰਮ੍ਰਿਤ ਸੰਚਾਰ ਲਈ ਸਰਧਾ ਭਾਵਨੀ ਸਹਿਤ ਸਿਧ ਪਧਰੇ ਹੁੰਦੇ ਹਨ, ਤਿਨਾ ਅੰਦਰਿ ਅੰਮ੍ਰਿਤ ਦੀ ਜਾਗ ਤਤਕਾਲ ਹੀ ਲਗ ਜਾਂਦੀ ਹੈ। ਸਰਧਾ ਹੀਨ ਅੰਮ੍ਰਿਤ ਸੰਚਾਰ ਦੀ ਸਾਰ ਤੋਂ ਸਖਣੇ ਅਤੇ ਮੂਧੇ ਮੂੰਹ ਪਏ ਹੋਏ ਭਾਂਡਿਆਂ ਵਿਚ ਅੰਮ੍ਰਿਤ ਦੀ ਬੂੰਦ ਮਾਤਰ ਭੀ ਨਹੀਂ ਸਮਾਉਂਦੀ। ਯਥਾ ਗੁਰਵਾਕ—

"ਊਧੇ ਭਾਂਡੇ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ॥"

ਅੰਮ੍ਰਿਤ ਦਾ ਅਸਰ ਕਿਵੇਂ ਗੁੰਮ ਹੁੰਦਾ ਹੈ

ਜਿਸ ਧਰਤੀ ਨੂੰ ਪਹਿਲਾਂ ਵਾਹ ਕੇ ਸੁਹਾਗ ਕੇ ਹਰ ਪ੍ਰਕਾਰ ਤਿਆਰ ਕਰ ਕੇ ਬੀਜ ਪਾਤਰ ਬਣਾਇਆ ਜਾਂਦਾ ਹੈ, ਓਸੇ ਧਰਤੀ ਅੰਦਰਿ ਬੀਜ ਬੋਇਆ ਫਲੀਭੂਤ ਹੋ ਸਕਦਾ ਹੈ, ਅਤੇ ਬੀਜ ਬੋ ਕੇ ਜੋ ਉਸ ਧਰਤੀ ਨੂੰ, ਜਿਸ ਵਿਚਿ ਕਿ ਬੀਜ ਬੋਇਆ ਗਿਆ ਹੈ, ਭਲੀ ਭਾਂਤ ਸਿੰਚਿਆ ਸੰਵਾਰਿਆ (ਗੋਡਿਆ) ਨਾ ਜਾਵੇ, ਤਾਂ ਸੁਧ ਧਰਤੀ ਵਿਚ ਬੀਜਿਆ ਬਾਜ ਭੀ ਸੁਕ ਜਾਂਦਾ ਹੈ। ਇਸ ਪਰਕਾਰ ਸੁਧ ਪਾਤਰ ਪ੍ਰਾਣੀਆਂ ਨੂੰ ਛਕਾਇਆ ਹੋਇਆ ਅੰਮ੍ਰਿਤ ਭੀ, ਜੇ ਅੰਮ੍ਰਿਤ ਛਕ ਕੇ ਗੁਰਬਾਣੀ ਅਤੇ ਗੁਰਮਤਿ ਨਾਮ ਅਭਿਆਸ ਦੀ ਕਮਾਈ ਨਾ ਕੀਤੀ ਜਾਵੇ, ਤਦ ਆਪਣੀ ਪੂਰਨ ਜੋਤਿ ਪ੍ਰਕਾਸ਼ਨੀ ਅੰਮ੍ਰਿਤ ਕਲਾ ਵਿਚਿ ਅਸਥਿਤ ਨਹੀਂ ਕਰਿ ਸਕਦਾ ਅਤੇ ਨਿੱਤ ਨਵੀਂ ਚੜ੍ਹਦੀ ਕਲਾ ਵਿਚਿ ਫਲੀਭੂਤ ਨਹੀਂ ਹੁੰਦਾ ਇਸੇ ਅੰਮ੍ਰਿਤ ਕਲਾ ਨੂੰ ਰੱਖਣ ਰਖਾਉਣ ਲਈ ਅੰਮ੍ਰਿਤ ਜਾਗ ਲਾਉਣ ਸਮੇਂ, ਅਰਥਾਤ ਅੰਮ੍ਰਿਤ ਛਕਾਉਣ ਸਮੇਂ ਪੰਜਾਂ ਪਿਆਰਿਆਂ ਵਲੋਂ ਸਿਰੀ ਗੁਰੂ ਗ੍ਰੰਥ ਸਾਹਿਬ ਦੇ ਹਾਜ਼ਰਾ ਹਜ਼ੂਰ ਜ਼ਹੂਰ ਪ੍ਰਭਾਵ ਤਲੇ ਖਾਸ ਜ਼ਰੂਰੀ ਗੁਰਮਤਿ ਉਪਦੇਸ਼ ਦ੍ਰਿੜਾਏ ਜਾਂਦੇ ਹਨ। ਜੇ ਉਕਤ ਗੁਰਮਤਿ ਉਪਦੇਸ਼ ਨੂੰ ਨਹੀਂ ਕਮਾਇਆ ਜਾਵੇਗਾ, ਤਾਂ ਅੰਮ੍ਰਿਤ ਕਲਾ ਕਿਵੇਂ ਸੁਰਜੀਤ ਰਹਿ ਸਕੇਗੀ। ਅੰਮ੍ਰਿਤ

ਛਕਾਉਣ ਸਮੇਂ ਸਪਸ਼ਟ ਤੌਰ ਤੇ ਉਪਦੇਸ਼ਿਆ ਜਾਂਦਾ ਹੈ ਕਿ ਫਲਾਣੇ ਫਲਾਣੇ ਪਤਿਤ ਕਰਮ ਹਨ, ਇਹ ਨਹੀਂ ਕਰਨੇ, ਇਹਨਾਂ ਦੇ ਕਰਨ ਕਰਕੇ ਅੰਮ੍ਰਿਤਧਾਰੀ ਸਿੰਘ ਪਤਿਤ ਹੋ ਜਾਂਦਾ ਹੈ, ਅਰਥਾਤ ਸਿਖੀ ਤੋਂ ਗਿਰ ਜਾਂਦਾ ਹੈ, ਸਿਖ ਨਹੀਂ ਰਹਿੰਦਾ। ਤਾਂਤੇ ਅੰਮ੍ਰਿਤ ਸਮਾਗਮ ਸਮੇਂ ਅਜਿਹੇ ਉਪਦੇਸ਼ਾਂ ਦਾ ਦ੍ਰਿੜਾਇਆ ਜਾਣਾ ਹੀ ਸਿਧ ਕਰਦਾ ਹੈ ਕਿ ਅੰਮ੍ਰਿਤ ਛਕ ਕੇ ਭੀ ਉਕਤ ਉਪਦੇਸ਼ਾਂ ਉਤੇ ਦ੍ਰਿੜ ਰਹੇ ਬਿਹੂਣ ਅੰਮ੍ਰਿਤਧਾਰੀ ਸਿੰਘਾਂ ਦਾ ਅੰਮ੍ਰਿਤ ਛਾਂਦਾ ਛਕ ਕੇ ਅੰਮ੍ਰਿਤ ਕਲਾ ਤੋਂ ਘੁਥ ਜਾਣਾ ਅਤੇ ਸਿੱਖੀ ਤੋਂ ਪਤਿਤ ਹੋ ਜਾਣਾ ਸੰਭਵ ਹੈ, ਨਹੀਂ ਤਾਂ ਉਪਦੇਸ਼ ਦ੍ਰਿੜਾਉਣ ਦੀ ਲੋੜ ਕੋਈ ਨਹੀਂ ਸੀ। ਬੱਸ ਅੰਮ੍ਰਿਤ ਛਕਣ ਸਾਰ ਹੀ ਜੇਕਰ ਅੰਮ੍ਰਿਤਧਾਰੀ ਸਿੰਘ ਬਹੁੜ ਗੁਰ ਉਪਦੇਸ਼ ਕਮਾਏ, ਬਿਹੂਣ ਬਣਿਆ ਰਹਿੰਦਾ ਹੈ ਅਤੇ ਡਿਗਦਾ ਡੋਲਦਾ ਨਹੀਂ, ਅਤੇ ਉਸ ਦੇ ਪਤਿਤ ਹੋਣ ਦਾ ਕੋਈ ਖਦਸ਼ਾ ਨਹੀਂ ਰਹਿੰਦਾ ਤਾਂ ਅੰਮ੍ਰਿਤ ਸਮਾਗਮ ਸਮੇਂ ਕੇਵਲ ਅੰਮ੍ਰਿਤ ਹੀ ਛਕਾਇਆ ਜਾਂਦਾ ਅਤੇ ਹੋਰ ਗੁਰਮਤ ਉਪਦੇਸ਼ ਕੋਈ ਨਾ ਦ੍ਰਿੜਾਇਆ ਜਾਂਦਾ। ਗੁਰਬਾਣੀ ਅੰਦਰ ਗੁਰਮਤ ਨਾਮ ਅਭਿਆਸ ਕਮਾਈਆਂ ਕਰਨ ਦਾ ਉਪਦੇਸ਼ ਗੁਰਸਿਖਾਂ ਪ੍ਰਤੀ ਹੈ ਨਾ ਕਿ ਅਸਿੱਖਾਂ ਪ੍ਰਤੀ। ਨਿਗੁਰੇ 'ਗੁਰਮੰਤਰ ਹੀਣੱਸ ਧ੍ਰਿਗ ਜੀਵਨ ਭ੍ਰਸ਼ਟਣੀ' ਪੁਰਸ਼ ਤਾਂ ਪਹਿਲਾਂ ਹੀ ਪਤਿਤ ਹਨ, ਤਿਨ੍ਹ ਨੂੰ ਪਤਿਤ ਦਸ਼ਾ ਤੋਂ ਉਭਾਰਨ ਅਤੇ ਨਿਗੁਰਿਓਂ ਸਗੁਰਾ ਕਰਨ ਦਾ ਇਕੋ ਇਕ ਜ਼ਰੀਆ ਉਨ੍ਹਾਂ ਨੂੰ ਅੰਮ੍ਰਿਤ ਛਕਾ ਕੇ

ਸੁਰਜੀਤ ਕਰਨਾ ਹੈ, ਅਤੇ ਅੰਮ੍ਰਿਤ ਛਕ ਕੇ ਅੰਮ੍ਰਿਤਧਾਰੀ ਸਿੰਘ (ਸਿਖ) ਦਾ ਸਦਾ ਸਰਜੀਤ ਤੇ ਤਿਆਰ ਬਰ ਤਿਆਰ ਰਹਿਣਾ ਕੇਵਲ ਇਸੇ ਸੂਰਤ ਵਿਚ ਹੀ ਸੰਭਵ ਹੈ ਕਿ ਉਹ ਅੰਮ੍ਰਿਤ ਛਕਣ ਸਮੇਂ ਦ੍ਰਿੜਾਏ ਗੁਰ ਉਪਦੇਸ਼ਾਂ ਉਪਰ ਤਤਪਰ ਰਹੇ ਅਤੇ ਖਿਨ ਖਿਨ ਗੁਰਮਤਿ ਨਾਮ ਅਭਿਆਸ ਕਮਾਈਆਂ ਕਰਦਾ ਰਹੇ। ਜੇਕਰ ਅੰਮ੍ਰਿਤ ਛਕਣ ਸਾਰ ਹਰ ਇਕ ਅੰਮ੍ਰਿਤਧਾਰੀ ਸਿਖ (ਸਿੰਘ) ਪੂਰਨ ਅਮਰ ਪਦਵੀ ਨੂੰ ਪ੍ਰਾਪਤ ਹੋ ਗਿਆ ਹੁੰਦਾ ਤਾਂ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸਮਗਰ ਬਾਣੀ ਬਾਰੰਬਾਰ ਅੰਮ੍ਰਿਤ ਨਾਮ ਦੇ ਸੰਚਨ ਸੰਗਰਹਿਨ ਕਰਨ ਦਾ ਉਪਦੇਸ਼ ਨਾ ਦ੍ਰਿੜਾਉਂਦੀ।

ਅੰਮ੍ਰਿਤ ਦੀ ਮਹੱਤਤਾ

ਅੰਮ੍ਰਿਤ ਦੀ ਮਹੱਤਤਾ ਮਹਾਨਤਾ ਅਜੇਹੀ ਪਾਕ ਪਵਿੱਤ੍ਰ ਅਤੇ ਪਾਰਸ ਰਸਾਇਣੀ ਕਲਾ ਵਾਲੀ ਹੈ ਕਿ ਅੰਮ੍ਰਿਤ ਛਕਣ ਸਾਰ ਹੀ ਜਨਮ ਜਨਮਾਂਤ੍ਰੀ ਕਮਾਤੇ ਪਾਪ ਇਕ ਦੰਮ ਸਾਰੇ ਦਗਧ ਹੋ ਜਾਂਦੇ ਹਨ ਅਤੇ ਸਚ ਮੁਚ ਹੀ ਅੰਮ੍ਰਿਤ ਛਕਣ ਹਾਰੇ ਸਿਖ ਦਾ ਨਵਾਂ ਜਨਮ ਹੋ ਜਾਂਦਾ ਹੈ। "ਸਤਿਗੁਰ ਕੈ ਜਨਮੈ ਗਵਨ ਮਿਟਾਇਆ" ਵਾਲਾ ਜਨਮ ਹੋ ਜਾਂਦਾ ਹੈ। ਪਿਛਲੇ ਅਵਗੁਣ ਅਵੱਗਿਆ ਕਰਮ ਉਸ ਦੇ ਸਗਲੇ ਬਖਸ਼ ਲਏ ਜਾਂਦੇ ਹਨ ਅਤੇ ਅਗੇ ਨੂੰ ਇਹ ਸੁਮਾਰਗੀ ਸ਼ੁਭ ਮਾਰਗੀ ਸਰੇਸ਼ਟ ਕਰਮਚਾਰੀ ਖਾਲਸਾ ਗੁਰੂ ਦਾ ਖਾਲਸ

ਬੰਦਾ ਬਣ ਜਾਂਦਾ ਹੈ ਅਤੇ ਬਣਿਆ ਰਹਿੰਦਾ ਹੈ, ਜਦ ਤੀਕ ਕਿ ਉਹ ਗੁਰ ਆਗਿਆਕਾਰੀ, ਗੁਰ ਉਪਦੇਸ਼ ਅਨੁਸਾਰੀ, ਗੁਰੂ ਦਾ ਹੁਕਮੀ ਬੰਦਾ ਖਿਨ ਖਿਨ ਰਹਿੰਦਾ ਹੈ।

ਅੰਮ੍ਰਿਤ ਛਕਾਉਣਾ ਮੁੜ ਸੁਰਜੀਤ ਕਰਨਾ ਹੈ

'ਅੰਮ੍ਰਿਤ' ਦੀ ਪਵਿੱਤ੍ਰਤਾ ਇਸ ਗੱਲ ਵਿਚਿ ਹੈ ਕਿ ਅੰਮ੍ਰਿਤਧਾਰੀ ਖਾਲਸਾ ਜਨ ਦੇ, ਅੰਮ੍ਰਿਤ ਛਕਣ ਸਾਰ ਹੀ ਪੂਰਬ ਕਮਾਤੇ ਪਾਪ ਕਰਮ੍ਹ ਸਭ ਬਿਨਾਸ ਹੋ ਜਾਂਦੇ ਹਨ। ਗੁਰੂ ਘਰ ਦਾ ਨਾਮ ਮੰਤ੍ਰ ਅਤੇ ਪੰਚ ਖਾਲਸ ਗੁਰਮੁਖ ਜਨਾਂ ਦੀ ਪੂਰਨ ਤੱਤ ਗੁਰਮਰਯਾਦਾ ਅਨੁਸਾਰ ਤਿਆਰ ਕੀਤਾ ਹੋਇਆ ਅੰਮ੍ਰਿਤ ਰੂਪੀ ਪੰਚ ਤੰਤਰੀ ਜੰਤਰ ਹੀ ਜਨਮ ਜਨਮਾਂਤਰੀ ਪਾਪਾਂ ਦੇ ਵਧਧ ਕਰਨ ਨੂੰ ਸਮਰਥ ਹੈ। ਏਹੋ ਕਾਰਨ ਹੈ ਕਿ ਪਤਿਤ ਕਰੰਮੀ ਪਤਿਤ ਪੁਰਸ਼ ਨੂੰ ਬਹੁੜ ਉਭਾਰਨ ਲਈ ਅੰਮ੍ਰਿਤ ਛਕਾਉਣ ਦੀ ਫੇਰ ਲੋੜ ਪੈਂਦੀ ਹੈ ਅਤੇ ਅਵੱਸ਼ ਪੈਂਦੀ ਹੈ। ਅੰਮ੍ਰਿਤ ਛਕਿਆ' ਏਸ ਕਰਕੇ ਸ੍ਰੇਸ਼ਟ ਪਵਿੱਤ੍ਰ ਨਹੀਂ ਕਿ ਅੰਮ੍ਰਿਤਧਾਰੀ ਸਿੰਘ ਨਿਸ਼ੰਗ ਹੋ ਕੇ ਪਤਿਤ ਕਰਮਾਂ ਵਿਚਿ ਪਰਵਿਰਤ ਹੋ ਜਾਵੇ। ਅੰਮ੍ਰਿਤਧਾਰੀ ਸਿਖ ਨੂੰ ਪਤਿਤ ਕਰਮਾਂ ਦਾ ਲੇਸ ਨਹੀਂ ਲੱਗਦਾ, ਇਸ ਦਾ ਏਹ ਅਰਥ ਨਹੀਂ ਕਿ ਓਹ ਨਿਸ਼ੰਗ ਹੋ ਕੇ ਭਾਵੇਂ ਕਿਤਨੇ ਹੀ ਪਤਿਤ ਕਰਮ ਕਰੀ ਜਾਵੇ, ਉਹ ਉਸ ਨੂੰ ਪੋਂਹਦੇ ਹੀ ਨਹੀਂ ਤੇ ਉਸ ਨੂੰ ਪਤਿਤ ਹੀ ਨਹੀਂ ਕਰਦੇ, ਬਲਕਿ "ਅੰਮ੍ਰਿਤਧਾਰੀ ਸਿਖ ਨੂੰ ਪਤਿਤ ਕਰਮਾਂ ਦਾ ਲੇਸ ਨਹੀਂ

ਲੱਗਦਾ" ਦੇ ਏਹੋ ਅਰਥ ਹਨ ਕਿ ਅੰਮ੍ਰਿਤਧਾਰੀ ਸਿੰਘ ਪਤਿਤ ਕਰਮਾਂ ਵਿਚ ਪਰਵਿਰਤ (ਲਿਪਾਇਮਾਨ) ਹੀ ਨਹੀਂ ਹੁੰਦਾ, ਉਹ ਪਤਿਤ ਕਰਮ ਕਰਦਾ ਹੀ ਨਹੀਂ। ਉਹ ਕਰਮ, ਜਿਸ ਦੇ ਕਰਨ ਕਰਕੇ ਉਕਤ ਕਰਮਾਂ ਦਾ ਕਰਨ-ਹਾਰਾ ਪਤਿਤ ਹੋ ਜਾਵੇ, ਉਸ ਦਾ ਨਾਮ ਹੈ ਪਤਿਤ ਕਰਮ। ਪਤਿਤ ਕਰਮ ਕਰਨਾ ਫਿਰ ਪਤਿਤ ਨਾ ਹੋਣਾ, ਏਹ ਤਾਂ ਪਤਿਤ ਕਰਮਾਂ ਦੇ ਪਦਾਂ ਦੀ ਹੀ ਸ੍ਵੈ ਵਿਰੋਧਤਾ ਹੈ।

ਖਿਨ ਖਿਨ ਭੁੱਲਣਹਾਰ ਪ੍ਰਾਣੀ ਨੂੰ ਪੈਰ ਪੈਰ ਉਤੇ ਪਤਿਤ ਹੋਣ ਦਾ ਅੰਦੇਸ਼ਾ ਹੈ। ਇਸੇ ਕਰਕੇ ਤਾਂ ਗੁਰਮਤਿ ਮਾਰਗ ਖੰਡੇ-ਧਾਰ ਮਾਰਗ ਹੈ। ਖੰਡੇ-ਧਾਰ ਮਾਰਗ ਉਤੇ ਚਲਦਿਆਂ ਪੈਰ ਖਿਸਰਿਆ ਨਹੀਂ ਤਾਂ ਰਸਾਤਲ ਗਿਰਿਆ ਨਹੀਂ। ਤਾਂਹਾਂ ਤੇ ਖਿਨ ਖਿਨ ਚੌਕਸਾਈ ਦੀ ਲੋੜ ਹੈ। ਸਾਵਧਾਨਤਾ ਸਹਿਤ ਇਸ ਮਾਰਗ ਖੰਡੇ-ਧਾਰ ਤੇ ਚਲਿਆਂ ਹੀ ਪਾਰ ਪਵੀਦਾ ਹੈ, ਇਕ ਕਦਮ ਅਵੇਸਲੇ ਹੋਇਆਂ ਹੀ ਖਤਰੇ ਝਿਗਣ ਦੇ ਵਿਆਪ ਜਾਂਦੇ ਹਨ।

"ਕੂੜੀਏ ਕੂਰੀਏ ਵੈਦਿਆ ਤਲਿ ਗਾੜ੍ਹਾ ਮਹਰੇਰੁ।
ਵੇਖੈ ਛਿਟੜ੍ਹ ਥੀਂਵਦੋ ਜਾਮਿ ਖਿਸੰਦੋ ਪੇਰੁ।"

ਵਾਲਾ ਗੁਰਵਾਕ ਸਪਸ਼ਟ ਏਸੇ ਸਾਵਧਾਨਤਾ ਲਈ ਹੁਸ਼ਿਆਰ ਕਰਾਉਂਦਾ ਹੈ। 'ਆਖਾ ਜੀਵਾ ਵਿਸਰੈ ਮਰਿ ਜਾਉ' ਵਾਲਾ ਗੁਰ-ਵਾਕ ਭੀ ਸਾਫ ਦਸਦਾ ਹੈ ਕਿ ਜਦ ਤੋੜੀ ਅੰਮ੍ਰਿਤ ਨਾਮ ਦਾ ਅਭਿਆਸ ਮੁਖ ਰਸਨਾ ਤੇ ਰਹਿੰਦਾ ਹੈ ਤਦ ਤਾਈਂ ਸਿਖ ਅਭਿਆਸੀ ਜਨ ਅਮਰ ਜੀਵਨੀ ਜੀਵੰਦਾ

ਹੈ ਅਤੇ ਜਦੋਂ, ਜਿਸ ਖਿਨ ਭੀ ਨਾਮ ਦੀ ਸਿਮਰਨ ਮਣੀ ਅਮਰ ਕਲਾ ਤੋਂ ਉਖੜ ਜਾਂਦਾ ਹੈ ਤਿਸੇ ਛਿਨ ਇਸ ਦਾ ਮਰਨ ਹੋ ਜਾਂਦਾ ਹੈ। ਨਾਮ ਨੂੰ ਹਰਦਮ ਜੁਟੇ ਰਹਿਣਾ ਬੜੀ ਅਉਖੀ ਕਾਰ ਹੈ। ਨਾਮ ਰਹੱਸ ਆਏ ਬਿਨਾਂ ਏਹ ਸੌਖੀ ਨਹੀਂ ਹੁੰਦੀ ਅਤੇ ਨਾਮ ਰਸ ਆਇਆਂ ਇਹ ਛਡ ਨਹੀਂ ਹੁੰਦੀ। ਕੁਸੰਗ ਬਿਖਿਆ ਰਸ ਦੇ ਪਰਬਲ ਪਇਆਂ ਜਦੋਂ ਭੀ ਇਹ ਛੁਟੀ ਤਦੋਂ ਹੀ ਇਸ ਤੋਂ ਛੁਟਕਿਆ ਜਨ ਛਿਟੜ ਹੋ ਜਾਂਦਾ ਹੈ। ਛਿਟੜ ਕਹਿੰਦੇ ਹਨ ਦਾਗੀ ਕਲੰਕੀ ਅਤੇ ਪਤਿਤ ਨੂੰ। ਤਾਂਤੇ ਇਹ ਕਹਿਣਾ ਕਿ ਅੰਮ੍ਰਿਤਧਾਰੀ ਸਿਖ ਕਦੇ ਪਤਿਤ ਹੁੰਦਾ ਹੀ ਨਹੀਂ ਇਹ ਨਿਰੀ ਖਾਮ ਖਿਆਲੀ ਹੈ ਹਾਂ! ਜੇਹੜੇ ਪੂਰੇ ਭਾਂਡੇ ਪੁੱਗ ਪਹੁੰਚੇ ਹੋਏ ਪੁਰਖ ਹਨ ਓਹ ਕਦੇ ਨਹੀਂ ਡਿਗਦੇ ਡੋਲਦੇ।

"ਪੂਰਨ ਕਬਹੂ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ
ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤਿ ਨ ਘਾਟਿ"

ਪਰੰਤੂ ਅਜੇਹੇ ਗੁਰਮੁਖ ਜਨ ਵਿਰਲੇ ਥੋੜ੍ਹੇ ਹੀ ਹੁੰਦੇ ਹਨ। ਭਾਈ ਜੋਗਾ ਸਿੰਘ ਸਾਰਖੇ ਗੁਰ ਸਨਮੁਖੀ ਗੁਰਮੁਖ ਜਨ ਤਾਂ ਡੋਲ ਗਏ ਸੀ। ਮਾਮੂਲੀ ਸਿਖ ਜਗਿਆਸੂਆਂ ਦਾ ਤਾਂ ਕਹਿਣਾ ਹੀ ਕੀ ਹੈ। ਗੁਰੂ ਸੱਚੇ ਪਾਤਸ਼ਾਹ ਨੇ ਆਪ ਹੱਥ ਦੇ ਕੇ ਡੋਲ ਗਏ ਭਾਈ ਜੋਗਾ ਸਿੰਘ ਨੂੰ ਡਿਗਣੋਂ (ਪਤਿਤ ਹੋਣੋਂ) ਰਖ ਲਿਆ। ਪਤਿਤ ਹੋਣ ਹੀ ਨਹੀਂ ਦਿੱਤਾ। ਪਤਿਤ ਹੋਣ ਤੋਂ ਬਚਾਉਣ ਵਾਲਾ ਭੀ ਗੁਰੂ ਆਪ ਹੈ ਅਤੇ ਪਤਿਤ ਹੋਇਆਂ ਨੂੰ ਬਹੁੜਿ ਪਾਵਨ ਪਵਿੱਤਰ ਕਰਨ ਹਾਰਾ

ਭੀ ਸਮਰਥ ਗੁਰੂ ਆਪ ਹੀ ਹੈ। ਪਰੰਤੂ ਆਪਣੇ ਅੰਮ੍ਰਿਤ ਟਕਸਾਲੀ ਪੰਨੇ ਪਾਇ ਕੇ ਪਵਿੱਤਰ ਕਰਦਾ ਹੈ, ਐਵੇਂ ਨਹੀਂ। ਜਿਵੇਂ ਪ੍ਰਿਥਮ ਅੰਮ੍ਰਿਤ ਛਕਣ ਤੋਂ ਪਹਿਲਾਂ ਭੀ ਪ੍ਰਾਨੀ ਪਤਿਤ ਹੀ ਸੀ। ਪਤਿਤੋਂ ਪਵਿੱਤਰ ਹੋਇਆ ਤਾਂ ਅੰਮ੍ਰਿਤ ਛਕ ਕੇ ਹੋਇਆ ਤਿਵੇਂ ਗੁਰਸਿਖੀ ਤੋਂ ਪਤਿਤ ਹੋਏ ਨੂੰ ਪਤਿਤ ਦਸ਼ਾ ਵਿਚੋਂ ਕੱਢਣ ਲਈ ਓਸੇ ਅੰਮ੍ਰਿਤ ਦਾ ਛਕਣਾ ਪਰਮ ਜ਼ਰੂਰੀ ਹੈ। ਅੰਮ੍ਰਿਤ ਦੀ ਪਿਉਂਦ ਚੜ੍ਹੇ ਬਿਨਾਂ ਪਤਿਤ ਦਸ਼ਾ ਦੂਰ ਨਹੀਂ ਹੋ ਸਕਦੀ।

ਚੜ੍ਹਦੀ ਕਲਾ ਕਿਵੇਂ ਹੋ ਸਕਦੀ ਹੈ ?

ਅੰਮ੍ਰਿਤ ਛਕ ਕੇ ਪਤਿਤੋਂ ਪਵਿੱਤਰ ਹੋਏ ਪੁਰਸ਼ ਲਈ ਪਰਮ ਜ਼ਰੂਰੀ ਹੈ ਕਿ ਉਸ ਦੇ ਅੰਤਰਿ ਆਤਮੇ ਉਸ ਨੂੰ ਪਵਿੱਤ੍ਰਤਾ ਵਿਚ ਸਦਾ ਸੁਰਜੀਤ ਰੱਖਣ ਵਾਲੀ ਅੰਮ੍ਰਿਤ ਕਣੀ ਹਰ ਦਮ ਸੰਚਰਦੀ ਰਹੇ। ਏਹ ਅੰਮ੍ਰਿਤ ਕਣੀ ਨਾਮ ਦੀ ਹੈ ਇਸ ਦਾ ਸੰਚਰਨ ਨਾਮ ਅਭਿਆਸ ਕਮਾਈਆਂ ਦਾ ਅਤੁਟ ਪਰਵਾਹ ਚਲਾਉਣਾ ਹੈ। ਨਾਮ ਨੂੰ ਹੀ ਸਾਰੀ ਗੁਰ-ਬਾਣੀ ਅੰਮ੍ਰਿਤ ਰੂਪ ਨਿਰੂਪਣ ਕਰਦੀ ਹੈ। ਗੁਰਬਾਣੀ ਭੀ ਅੰਮ੍ਰਿਤ ਰੂਪ ਹੈ। ਅੰਮ੍ਰਿਤ ਧਾਰੀ ਗੁਰਸਿਖ ਨੂੰ ਅੰਮ੍ਰਿਤ ਛਕ ਕੇ ਅੰਮ੍ਰਿਤ ਰੂਪ ਗੁਰਬਾਣੀ ਦਾ ਕੀਰਤਨ ਪਾਠ ਅਭਿ-ਆਸ ਅੰਮ੍ਰਿਤ ਨਾਮ ਦਾ ਸੁਆਸਿ ਸੁਆਸਿ ਸਿਮਰਨ ਅਭਿਆਸ ਕਰਨਾ ਅਤੇ ਕਰੀ ਜਾਣਾ ਅਤਿ ਲਾਜ਼ਮੀ ਹੈ,

ਤਾਕਿ ਅੰਮ੍ਰਿਤ ਛਕ ਕੇ ਬੀਜ ਬੀਜਿਆ ਅੰਮ੍ਰਿਤ ਚੜ੍ਹਦੇ ਰੰਗਾਂ ਵਿਚ ਨਿਤ ਨਵਲ ਨਵੇਲੇ ਰੰਗਾਂ ਵਿਚ ਪਰਫੁੱਲਤ ਹੁੰਦਾ ਰਹੇ, ਕਦੇ ਘਟੇ ਨਹੀਂ। ਸੋਕਾ ਕਦੇ ਪੈਣ ਨਾ ਦੇਵੇ। ਉਸ ਦਾ ਉਪਾਉ ਕਿਆ ਭਲੀ ਬਿਧਿ ਹੇਠ ਲਿਖਿਆ ਗੁਰਵਾਕ ਦਸਦਾ ਹੈ:-

ਮਾਝ ਮਹਲਾ ੩ ॥ ਅੰਮ੍ਰਿਤ ਨਾਮੁ ਮੰਨਿ ਵਸਾਏ ॥ ਹਉਮੈ ਮੇਰਾ ਸਭੁ ਦੁਖੁ ਗਵਾਏ। ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤੁ ਅੰਮ੍ਰਿਤੁ ਪਾਵਣਿਆ ॥੧॥ ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮਨਿ ਵਸਾਵਣਿਆ ॥ ਅੰਮ੍ਰਿਤੁ ਬਾਣੀ ਮਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ ॥ ੧ ॥ ਰਹਾਉ ॥ ਅੰਮ੍ਰਿਤੁ ਬੋਲੈ ਸਦਾ ਮੁਖਿ ਬੈਣੀ। ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ॥ ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਣਾਵਣਿਆ ॥ ੨ ॥ ਅੰਮ੍ਰਿਤ ਰੰਗਿ ਰਤਾ ਲਿਵ ਲਾਏ ॥ ਅੰਮ੍ਰਿਤ ਗੁਰਪ੍ਰਸਾਦੀ ਪਾਏ ॥ ਅੰਮ੍ਰਿਤ ਰਸਨਾ ਬੋਲੈ ਦਿਨ ਰਾਤੀਂ ਮਨਿ ਤਨਿ ਅੰਮ੍ਰਿਤ ਪੀਆਵਣਿਆ ॥੩॥ ਸੋ ਕਿਤ ਕਰੈ ਜੁ ਚਿਤਿ ਨ ਹੋਈ॥ ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ॥ ਹੁਕਮੈ ਵਰਤੈ ਅੰਮ੍ਰਿਤ ਬਾਣੀ ਹੁਕਮੇ ਅੰਮ੍ਰਿਤ ਪੀਆਵਣਿਆ ॥੪। ਅਜਬ ਕੰਮ ਕਰਤੇ ਹਰਿ ਕੇਰੇ ॥ ਇਹ ਮਨੁ

ਭੂਲਾ ਜਾਂਦਾ ਫੇਰੇ ॥ ਅੰਮ੍ਰਿਤ ਬਾਣੀ ਸਿਉ ਚਿਤੁ ਲਾਏ ਅੰਮ੍ਰਿਤ ਸਬਦ ਵਜਾਵਣਿਆ ॥ ੫ ॥ ਖੋਟੇ ਖਰੇ ਤੁਧੁ ਆਪਿ ਉਪਾਏ ॥ ਤੁਧੁ ਆਪੇ ਪਰਖੇ ਲੋਕ ਸਬਾਏ ॥ ਖਰੇ ਪਰਖ ਖਜਾਨੈ ਪਾਇਹਿ ਖੋਟੇ ਭਰਮ ਭੁਲਾਵਣਿਆ ॥ ੬ ॥ ਕਿਉ ਕਰਿ ਵੇਖਾ ਕਿਉ ਸਾਲਾਹੀ ॥ ਗੁਰਪ੍ਰਸਾਦੀ ਸਬਦਿ ਸਾਲਾਹੀ ॥ ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥ ੭ ॥ ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥ ਸਤਿਗੁਰ ਸੇਵਿਐ ਰਿਦੈ ਸਮਾਣੀ ॥ ਨਾਨਕ ਅੰਮ੍ਰਿਤ ਨਾਮੁ ਸਦਾ ਸੁਖ ਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ ॥ ੮ ॥ ੧੬ ॥

ਇਸ ਦੀ ਵਿਆਖਿਆ:—

ਅੰਮ੍ਰਿਤ ਨਾਮ ਅਭਿਆਸ ਦੇ ਵਾਪਾਰੀ ਗੁਰੂ ਕੇ ਸੁਚਿਆਰ ਸਿਖ ਦੀ ਰਹਿਤ ਰਹਿਣੀ ਏਹ ਹੋਣੀ ਚਾਹੀਦੀ ਹੈ ਕਿ ਖਿਨ ਖਿਨ ਅੰਮ੍ਰਿਤ ਨਾਮ ਨੂੰ ਰਸਨਰਸ ਮੁਖਾਸੀ ਅਤੇ ਸੁਆਸ ਅਭਿਆਸੀ ਅਜਪਾ ਜਾਪ ਦੁਆਰਾ ਮਨ ਵਿਖੇ ਵਸਾਈ ਰਖੇ ਅਤੇ ਇਸ ਬਿਧਿ ਨਾਮ ਜਪ ਕੇ ਹਉਮੈ ਰੋਗ ਤੋਂ ਉਪੰਨਾ ਹਰ ਪ੍ਰਕਾਰ ਦਾ ਦੁਖ ਦਲਿਦਰ ਦੂਰ ਕਰ ਦੇਵੇ ਅਤੇ ਸਦੀਵ ਕਾਲ ਹੀ ਨਾਮ ਅੰਮ੍ਰਿਤ ਬਾਣੀ ਰੂਪੀ ਅਭਿਆਸ ਕਮਾਈ ਦਾ ਅਮਰ ਫਲ ਸਿੱਟਾ ਇਹ ਨਿਕ-

ਲੇਗਾ ਕਿ ਅਭਿਆਸੀ ਜਨ ਅੰਮ੍ਰਿਤ ਹੀ ਅੰਮ੍ਰਿਤ ਦੇ ਗਟਾਕ ਰਸ ਪੀਏਗਾ ਅਤੇ ਉਸ ਦੇ ਮਨ ਤਨ ਹੀਅਰੇ ਸਾਰੇ ਹੀ ਸਰੀਰ ਦੀ ਰੋਮਾਵਲੀ ਤੋਂ ਅੰਮ੍ਰਿਤ ਹੀ ਅੰਮ੍ਰਿਤ ਦੇ ਫੁਹਾਰੇ ਸਫੁਟ ਹੋ ਹੋ ਅੰਦਰੇ ਹੀ ਅੰਦਰ ਜੀਉਰਦੇ ਜਾਣਗੇ। (੧) ਸਤਿਗੁਰੂ ਗੁਰੂ ਅਮਰ ਪ੍ਰਕਾਸ਼ੀ ਸਾਹਿਬ ਗੁਰੂ ਅਮਰ ਦੇਵ ਜੀ ਨਾਮ ਅੰਮ੍ਰਿਤ ਬਾਣੀ ਦੇ ਮਨ ਵਸਾਵਣ ਹਾਰੇ ਐਸੇ ਗੁਰੂ ਸਿਖ ਮੀਤ ਪਿਆਰੇ ਤੋਂ ਵਾਰਨੇ ਬਲਿਹਾਰਨੇ ਜਾਂਦੇ ਹਨ, ਜੋ ਅੰਮ੍ਰਿਤ ਨਾਮ ਰੂਪੀ ਅੰਮ੍ਰਿਤ ਬਾਣੀ ਨੂੰ ਮਨ ਵਿਚ ਵਸਾ ਰਮਾ ਤੇ ਰਚਾ ਕੇ ਫੇਰ ਭੀ ਇਸ ਅੰਮ੍ਰਿਤ ਨਾਮ ਨੂੰ ਧਿਆਈ ਕਮਾਈ ਹੀ ਜਾਂਦਾ ਹੈ। (੧ ਰਹਾਉ) ਅਤੇ ਇਸ ਬਿਧਿ ਧਿਆਵਨਾ ਕਮਾਵਨਾ ਕਰਦਾ ਹੈ ਸੋਈ ਅੰਕ (੨ ਤੇ ੩) ਵਿਚ ਇਉਂ ਵਿਆਖਤ ਹੈ ਕਿ ਸੁਚਿਆਰ ਅਭਿਆਸੀ ਜਦ ਬੋਲਦਾ ਹੈ ਤਾਂ ਮੁਖ ਅਤੇ ਬਚਨ ਦੁਆਰਾ ਅੰਮ੍ਰਿਤ ਹੀ ਬੋਲਦਾ ਹੈ ਭਾਵ ਸਦਾ ਅੰਮ੍ਰਿਤ ਨਾਮ ਬਾਣੀ ਦਾ ਉਚਾਰਨ ਹੀ ਮੁਖ ਬੈਣੀਉਂ ਕਰਦਾ ਰਹਿੰਦਾ ਹੈ। ਇਸ ਬਿਧ ਜਦੋਂ ਉਹ ਅੰਮ੍ਰਿਤ ਨਾਮ ਬਾਣੀ ਦਾ ਰੂਪ ਹੀ ਹੋਇ ਰਹਿੰਦਾ ਹੈ, ਤਾਂ ਇਸ ਅੰਮ੍ਰਿਤ ਨਾਮ ਬਾਣੀ ਨੂੰ ਮੁਖ ਤੋਂ ਬੋਲਣ ਦਾ ਏਹ ਪਾਰਸ ਪ੍ਰਭਾਵੀ ਫਲ ਸਫੁਟ ਹੁੰਦਾ ਹੈ ਕਿ ਉਹ ਆਪਣੇ ਅੰਦਰ ਬਾਹਰ ਪਰਤੱਖ ਆਪਣੀਆਂ ਅੱਖੀਆਂ ਨਾਲ ਹਰ ਵਕਤ ਅੰਮ੍ਰਿਤ ਵਰਸਦਾ ਹੀ ਪੇਖਦਾ ਪਰਖਦਾ ਨਿਖਰਦਾ ਹੈ। ਅਤੇ ਇਸ

ਅੰਮ੍ਰਿਤ ਰਸ ਵਿਚ ਰੱਤ ਰੱਤਕੇ ਉਹ ਦਿਨ ਰਾਤ ਇਸ ਅੰਮ੍ਰਿਤ ਨਾਮ ਬਾਣੀ ਦੇ ਅਖੰਡ ਅਭਿਆਸ ਪਾਠ ਕੀਰਤਨ ਰੂਪੀ ਅਕਥ ਕਥਾ ਹੀ (ਕਥੀ) ਜਾਂਦਾ ਹੈ ਅਤੇ ਹੋਰਨਾਂ ਨੂੰ ਆਖ ਕੇ ਸੁਣਾਈ ਜਾਂਦਾ ਹੈ। ਨਾਮ ਬਾਣੀ ਇਸ ਬਿਧਿ ਕਹੀ ਕੀਤੀ ਕਥੀ ਕਥਾ ਕੀਰਤੀ ਦੇ ਆਖਣ (ਕਥਨ) ਸੁਣਨ ਸੁਣਾਨ ਤੋਂ ਬਿਨਾਂ ਅਠੇ ਪਹਿਰ ਉਸਦਾ ਹੋਰ ਕੋਈ ਕੰਮ ਨਹੀਂ (੨) ਇਸੇ ਬਿਧਿ ਅੰਮ੍ਰਿਤ ਰੰਗਾਂ ਵਿਚ ਰੱਤਾ ਹੋਇਆ ਅਹਿਨਿਸ ਅੰਮ੍ਰਿਤ ਨਾਮ ਵਿਖੇ ਹੀ ਲਿਵ ਲਾਈ ਰਖਦਾ ਹੈ। ਇਸ ਪ੍ਰਕਾਰ ਦਾ ਅੰਮ੍ਰਿਤ ਅਤੇ ਅੰਮ੍ਰਿਤ ਦਾ ਅਚਰਜ ਸੁਆਦ ਰਹੱਸ ਕੇਵਲ ਗੁਰੂ ਦੇ ਪਰਸਾਦ ਦੁਆਰਾ ਗੁਰਦੁਆਰਿਓਂ ਪਰਾਪਤਿ ਹੁੰਦਾ ਹੈ। ਜਿਸ ਜਨ ਉਪਰ ਗੁਰੂ ਦੀ ਕਿਰਪਾ ਹੁੰਦੀ ਹੈ, ਉਸੀ ਜਨ ਨੂੰ ਗੁਰੂ ਦੁਆਰਿਓਂ ਅੰਮ੍ਰਿਤ ਛਕਣ ਦਾ ਸੁਭ ਅਵਸਰੀ ਸੁਭਾਗ ਪ੍ਰਾਪਤ ਹੁੰਦਾ ਹੈ। ਉਸੇ ਜਉਹਰੀ ਜਨ ਨੂੰ ਅੰਮ੍ਰਿਤ ਨਾਮ ਰੂਪੀ ਰਤਨ ਵਿਹਾਜਣ ਦਾ ਵਿਰਸਾ ਗੁਰਸਰਣਾਗਤੀ ਪੰਜਾਂ ਪਿਆਰਿਆਂ ਦੁਆਰਾ ਮਿਲਦਾ ਹੈ। ਜੋ ਗੁਰਮਤਿ ਨਾਮ ਰੂਪੀ ਅੰਮ੍ਰਿਤ ਵਥ ਨੂੰ ਇਸ ਬਿਧਿ ਵਿਹਾਜ ਕੇ ਇਸ ਅੰਮ੍ਰਿਤ ਨਾਮ ਦੀਆਂ ਅਤੁਟ ਕਮਾਈਆਂ ਗੁਰ੍ਹੁਕਮਾਂ ਅਨੁਸਾਰ ਕਰਦੇ ਹਨ, ਉਹਨਾਂ ਉਤੇ ਗੁਰੂ ਸਾਹਿਬ ਦੀ ਅਤ ਤੁੱਠਣੀ ਅਤੇ ਕਿਰਪਾ ਪਰਸਾਦਣੀ ਏਹ ਬਖਸ਼ਸ਼ ਹੁੰਦੀ ਹੈ ਕਿ ਉਹਨਾਂ ਦੇ ਰਿਦੰਤਰਿ ਆਤਮ ਰਸ ਜੋਤਿ ਪਰਕਾਸ਼ ਆਣ ਉਦੇ

ਲੇਗਾ ਕਿ ਅਭਿਆਸੀ ਜਨ ਅੰਮ੍ਰਿਤ ਹੀ ਅੰਮ੍ਰਿਤ ਦੇ ਗਟਾਕ ਰਸ ਪੀਏਗਾ ਅਤੇ ਉਸ ਦੇ ਮਨ ਤਨ ਹੀਅਰੇ ਸਾਰੇ ਹੀ ਸਰੀਰ ਦੀ ਰੋਮਾਵਲੀ ਤੋਂ ਅੰਮ੍ਰਿਤ ਹੀ ਅੰਮ੍ਰਿਤ ਦੇ ਫੁਹਾਰੇ ਸਫੁਟ ਹੋ ਹੋ ਅੰਦਰੇ ਹੀ ਅੰਦਰ ਜੀਉਰਦੇ ਜਾਣਗੇ। (੧) ਸਤਿਗੁਰੂ ਗੁਰੂ ਅਮਰ ਪ੍ਰਕਾਸ਼ੀ ਸਾਹਿਬ ਗੁਰੂ ਅਮਰ ਦੇਵ ਜੀ ਨਾਮ ਅੰਮ੍ਰਿਤ ਬਾਣੀ ਦੇ ਮਨ ਵਸਾਵਣ ਹਾਰੇ ਐਸੇ ਗੁਰੂ ਸਿਖ ਮੀਤ ਪਿਆਰੇ ਤੋਂ ਵਾਰਨੇ ਬਲਿਹਾਰਨੇ ਜਾਂਦੇ ਹਨ, ਜੋ ਅੰਮ੍ਰਿਤ ਨਾਮ ਰੂਪੀ ਅੰਮ੍ਰਿਤ ਬਾਣੀ ਨੂੰ ਮਨ ਵਿਚ ਵਸਾ ਰਮਾ ਤੇ ਰਚਾ ਕੇ ਫੇਰ ਭੀ ਇਸ ਅੰਮ੍ਰਿਤ ਨਾਮ ਨੂੰ ਧਿਆਈ ਕਮਾਈ ਹੀ ਜਾਂਦਾ ਹੈ। (੧ ਰਹਾਉ) ਅਤੇ ਇਸ ਬਿਧਿ ਧਿਆਵਨਾ ਕਮਾਵਨਾ ਕਰਦਾ ਹੈ ਸੋਈ ਅੰਕ (੨ ਤੇ ੩) ਵਿਚ ਇਉਂ ਵਿਆਖਤ ਹੈ ਕਿ ਸੁਚਿਆਰ ਅਭਿਆਸੀ ਜਦ ਬੋਲਦਾ ਹੈ ਤਾਂ ਮੁਖ ਅਤੇ ਬਚਨ ਦੁਆਰਾ ਅੰਮ੍ਰਿਤ ਹੀ ਬੋਲਦਾ ਹੈ ਭਾਵ ਸਦਾ ਅੰਮ੍ਰਿਤ ਨਾਮ ਬਾਣੀ ਦਾ ਉਚਾਰਨ ਹੀ ਮੁਖ ਬੈਣੀਉਂ ਕਰਦਾ ਰਹਿੰਦਾ ਹੈ। ਇਸ ਬਿਧ ਜਦੋਂ ਉਹ ਅੰਮ੍ਰਿਤ ਨਾਮ ਬਾਣੀ ਦਾ ਰੂਪ ਹੀ ਹੋਇ ਰਹਿੰਦਾ ਹੈ, ਤਾਂ ਇਸ ਅੰਮ੍ਰਿਤ ਨਾਮ ਬਾਣੀ ਨੂੰ ਮੁਖ ਤੋਂ ਬੋਲਣ ਦਾ ਏਹ ਪਾਰਸ ਪ੍ਰਭਾਵੀ ਫਲ ਸਫੁਟ ਹੁੰਦਾ ਹੈ ਕਿ ਉਹ ਆਪਣੇ ਅੰਦਰ ਬਾਹਰ ਪਰਤੱਖ ਆਪਣੀਆਂ ਅੱਖੀਆਂ ਨਾਲ ਹਰ ਵਕਤ ਅੰਮ੍ਰਿਤ ਵਰਸਦਾ ਹੀ ਪੇਖਦਾ ਪਰਖਦਾ ਨਿਖਰਦਾ ਹੈ। ਅਤੇ ਇਸ

ਅੰਮ੍ਰਿਤ ਰਸ ਵਿਚ ਰੱਤ ਰੱਤਕੇ ਉਹ ਦਿਨ ਰਾਤ ਇਸ ਅੰਮ੍ਰਿਤ ਨਾਮ ਬਾਣੀ ਦੇ ਅਖੰਡ ਅਭਿਆਸ ਪਾਠ ਕੀਰਤਨ ਰੂਪੀ ਅਕਥ ਕਥਾ ਹੀ (ਕਥੀ) ਜਾਂਦਾ ਹੈ ਅਤੇ ਹੋਰਨਾਂ ਨੂੰ ਆਖ ਕੇ ਸੁਣਾਈ ਜਾਂਦਾ ਹੈ। ਨਾਮ ਬਾਣੀ ਇਸ ਬਿਧਿ ਕਹੀ ਕੀਤੀ ਕਥੀ ਕਥਾ ਕੀਰਤੀ ਦੇ ਆਖਣ (ਕਥਨ) ਸੁਣਨ ਸੁਣਾਨ ਤੋਂ ਬਿਨਾਂ ਅਠੇ ਪਹਿਰ ਉਸਦਾ ਹੋਰ ਕੋਈ ਕੰਮ ਨਹੀਂ (੨) ਇਸੇ ਬਿਧਿ ਅੰਮ੍ਰਿਤ ਰੰਗਾਂ ਵਿਚ ਰੱਤਾ ਹੋਇਆ ਅਹਿਨਿਸ ਅੰਮ੍ਰਿਤ ਨਾਮ ਵਿਖੇ ਹੀ ਲਿਵ ਲਾਈ ਰਖਦਾ ਹੈ। ਇਸ ਪ੍ਰਕਾਰ ਦਾ ਅੰਮ੍ਰਿਤ ਅਤੇ ਅੰਮ੍ਰਿਤ ਦਾ ਅਚਰਜ ਸੁਆਦ ਰਹੱਸ ਕੇਵਲ ਗੁਰੂ ਦੇ ਪਰਸਾਦ ਦੁਆਰਾ ਗੁਰਦੁਆਰਿਓਂ ਪਰਾਪਤਿ ਹੁੰਦਾ ਹੈ। ਜਿਸ ਜਨ ਉਪਰ ਗੁਰੂ ਦੀ ਕਿਰਪਾ ਹੁੰਦੀ ਹੈ, ਉਸੀ ਜਨ ਨੂੰ ਗੁਰੂ ਦੁਆਰਿਓਂ ਅੰਮ੍ਰਿਤ ਛਕਣ ਦਾ ਸੁਭ ਅਵਸਰੀ ਸੁਭਾਗ ਪ੍ਰਾਪਤ ਹੁੰਦਾ ਹੈ। ਉਸੇ ਜਉਹਰੀ ਜਨ ਨੂੰ ਅੰਮ੍ਰਿਤ ਨਾਮ ਰੂਪੀ ਰਤਨ ਵਿਹਾਜਣ ਦਾ ਵਿਰਸਾ ਗੁਰਸਰਣਾਗਤੀ ਪੰਜਾਂ ਪਿਆਰਿਆਂ ਦੁਆਰਾ ਮਿਲਦਾ ਹੈ। ਜੋ ਗੁਰਮਤਿ ਨਾਮ ਰੂਪੀ ਅੰਮ੍ਰਿਤ ਵਥ ਨੂੰ ਇਸ ਬਿਧਿ ਵਿਹਾਜ ਕੇ ਇਸ ਅੰਮ੍ਰਿਤ ਨਾਮ ਦੀਆਂ ਅਤੁਟ ਕਮਾਈਆਂ ਗੁਰਹੁਕਮਾਂ ਅਨੁਸਾਰ ਕਰਦੇ ਹਨ, ਉਹਨਾਂ ਉਤੇ ਗੁਰੂ ਸਾਹਿਬ ਦੀ ਅਤ ਤ੍ਰੁੱਠਣੀ ਅਤੇ ਕਿਰਪਾ ਪਰਸਾਦਣੀ ਏਹ ਬਖਸ਼ਸ਼ ਹੁੰਦੀ ਹੈ ਕਿ ਉਹਨਾਂ ਦੇ ਰਿਦੰਤਰਿ ਆਤਮ ਰਸ ਜੋਤਿ ਪਰਕਾਸ਼ ਆਣ ਉਦੇ

ੂਦਾ ਹੈ। ਜਿਸ ਵਿਚ ਮਗਨ ਮਸਤ ਹੋ ਕੇ ਉਹਨਾਂ ਦੀ ਗੁਰ ਪ੍ਰਸਾਦੀ ਅਹਿਨਿਸ ਅੰਤਰਿ ਬਾਹਰਿ ਅੰਮ੍ਰਿਤ ਲਿਵ-ਤਾਰ ਲਗੀ ਰਹਿੰਦੀ ਹੈ। ਇਸ ਅੰਮ੍ਰਿਤ ਲਿਵਤਾਰੀ ਆਤਮ ਰਹਸ ਨੂੰ ਪ੍ਰਾਪਤ ਕਰਕੇ ਵੀ ਓਹਨਾਂ ਦੀ ਰਸਨਾ ਇਸ ਅੰਮ੍ਰਿਤ ਨਾਮ ਨੂੰ ਹੀ ਦਿਨ ਰਾਤ ਭਾਖਦੀ ਉਚਰਦੀ ਰਹਿੰਦੀ ਹੈ। ਰਸਨਾ ਕਰਕੇ ਅੰਮ੍ਰਿਤ ਨਾਮ ਨੂੰ ਆਖਣ ਭਾਖਣ ਨਾਲ ਉਹਨਾਂ ਦੇ ਆਪਣੇ ਮਨ ਤਨ ਵਿਖੇ ਭੀ ਅੰਮ੍ਰਿਤ ਨਾਮ ਦੀ ਸਰਸ਼ਾਰੀ ਨੈ ਵਗ ਤੁਰਦੀ ਹੈ। ਜਿਸ ਵਿਚੋਂ ਭਰ ਭਰ ਕੇ ਅਮਿਓ ਰਸ ਦੇ ਅਪਿਉ ਪਿਆਲੇ ਹਰ ਦੰਮ ਆਪਣੇ ਆਪ ਨੂੰ ਪਿਆਉਂਦੇ ਰਹਿੰਦੇ ਹਨ। ਅਮਿਉ ਰਸਾਇਣੀ ਗੁਰਮੁਖ ਜਨਾਂ ਦੇ ਮੁਖਾਰ ਬਿੰਦ ਚੇਹਰੇ ਤੋਂ ਭੀ ਅੰਮ੍ਰਿਤ ਰਸ ਚੋ ਚੋ ਪੈਣ ਲਗ ਜਾਂਦਾ ਹੈ ਜਿਸ ਨੂੰ ਪੇਖਿ ਪੇਖਿ ਕੇ ਹੀ ਪੇਖਣਹਾਰੇ ਅਮਿਉ ਰਸਾਇਣੀ ਨਸ਼ਿਆਂ ਵਿਚ ਮਖ਼ਮੂਰ ਹੋ ਜਾਂਦੇ ਹਨ।

ਯਥਾ ਗੁਰਵਾਕ:—

"ਅੰਮਿਉ ਰਸਾਇਣ ਪੀਵੀਐ
ਮੂਹ ਡਿਠੇ ਜਨ ਕੇ ਜੀਵੀਐ"

ਤਾਂਤੇ ਅੰਮ੍ਰਿਤ ਨਾਮ ਦੇ ਅੰਮ੍ਰਿਤ ਸਰਸ਼ਾਰੀਏ ਅਭਿਆਸੀ ਜਨ ਨਾ ਸਿਰਫ ਆਪ ਹੀ ਖਿਨ ਖਿਨ ਅੰਮ੍ਰਿਤ ਦੇ ਗਟਾਕ ਰਸ ਭੁੰਚਦੇ ਹਨ ਬਲਕਿ ਹੋਰਨਾਂ ਨੂੰ ਭੀ ਭੁੰਚਾਉਂਦੇ ਹਨ। (੩)—ਨਾਮ ਅਭਿਆਸੀ ਜਨ ਦੇ

ਇਹ ਗਲ ਚਿਤ ਚੇਤੇ ਭੀ ਨਹੀਂ ਹੁੰਦੀ ਕਿ ਉਸ ਦੀ ਦਸ਼ਾ ਉਪਰ ਇਹ ਅਮਿਉ ਰਸਾਇਣ ਅਤੇ ਕ੍ਰਿਪਾ ਕਟਾਕਸ਼ਨੀ ਕਉਤਕ ਵਰਤਣੇ ਹਨ । ਉਸਦਾ ਕੰਮ ਤਾਂ ਬਸ ਨਾਮ ਅਭਿਆਸ ਵਿਖੇ ਜੁਟੇ ਰਹਿਣਾ ਹੀ ਹੁੰਦਾ ਹੈ। ਉਸਦੀਆਂ ਨਾਮ ਅਭਿਆਸ ਕਮਾਈਆਂ ਉਤੇ ਤੁੱਠ ਕੇ ਦਾਤਾਰ ਗੁਰੂ ਕਰਤਾਰ ਉਪਰ ਦਸੀਆਂ ਦਾਤਾਂ ਦੀ ਬਖ਼ਸ਼ਸ਼ ਕਰਦਾ ਹੈ। ਬਖਸ਼ਿੰਦ ਦਾਤਾਰ ਦਾ ਦਾਤ ਜੋਤ ਮਈ ਹੁਕਮ ਅਮਿਟ ਹੁੰਦਾ ਹੈ। ਇਸ ਨੂੰ ਕੋਈ ਮੇਟ ਨਹੀਂ ਸਕਦਾ ਉਸ ਹੁਕਮੀ ਸਚੇ ਹਾਕਮ ਦੇ ਹੁਕਮ ਅੰਦਰ ਹੀ ਇਹ ਅੰਮ੍ਰਿਤ ਬਾਣੀ ਵਰਤਦੀ ਹੈ ਅਤੇ ਹੁਕਮੇ ਅੰਦਰ ਹੀ ਇਹ ਅੰਮ੍ਰਿਤ ਪੀਵੀ ਪਿਆਈਦਾ ਹੈ। (੪) ਕਰਤੇ ਪੁਰਖ ਪਰਮਾਤਮਾ ਦੇ ਬਿਸਮ ਬਿਨੋਦੀ ਚੋਜ ਅਤੀ ਅਸਚਰਜ ਅਤੇ ਪਰਮ ਅਧਿਭੁਤ ਹਨ ਕਿ ਭੁਲੇ ਜਾਂਦੇ ਅਉਝੜ ਪਏ ਹੋਏ ਬਿਖਈ ਮਨ ਨੂੰ ਅੰਮ੍ਰਿਤ ਨਾਮ ਬਾਣੀ ਦੀ ਗੁਰਪਰਸਾਦੀ ਟੇਕ ਬਖ਼ਸ਼ ਕੇ ਗੁਰਮਤ ਮਾਰਗੀ ਸੁਮਾਰਗ ਉਤੇ ਫੇਰ ਲਿਆਉਂਦਾ ਹੈ, ਅੰਮ੍ਰਿਤ ਬਾਣੀ ਸਿਉ ਚਿਤ ਲਾਉਣ ਦਾ ਅਚਰਜ ਕ੍ਰਿਸ਼ਮਾ ਏਹ ਵਰਤਦਾ ਹੈ ਕਿ ਉਸ ਦੇ ਦਸਮ ਦੁਆਰ ਵਿਖੇ ਅਨ-ਹਤੀ ਅੰਮ੍ਰਿਤ ਧੁੰਨਕਾਰ ਇਸ ਨਾਮ ਗੁਰਸ਼ਬਦ ਦੇ ਪਾਰਸ ਪਰਤਾਪ ਦੁਆਰਾ ਆਣ ਵਜਦੀ ਹੈ। (੫) ਭੂਲੇ ਜਾਂਦੇ ਮਨ ਨੂੰ ਇਸ ਅਚਰਜ ਫੇਰਨੀ ਫੇਰ ਕੇ ਆਪਣੇ ਜੋਤਿ ਸਰੂਪੀ ਮੂਲ ਅਸਲੇ ਮਈ ਸਨਾਤਨ ਰੂਪ ਵਿਚ ਲਿਆ ਪਲਟਾ-

ਵਨਾ ਗੁਰਮਤਿ ਨਾਮ ਦਾ ਹੀ ਕ੍ਰਿਸ਼ਮਾ ਹੈ। ਕੇਵਲ ਇਸ ਕ੍ਰਿਸ਼ਮੇ ਦੁਆਰਾ ਹੀ ਮਨਮੁਖੀ ਜੀਵ ਖੋਟਿਓਂ ਖਰੇ ਹੋ ਜਾਂਦੇ ਹਨ ਅਤੇ ਇਹ ਕ੍ਰਿਸ਼ਮਾ ਰਸਾਇਣੀ ਪਾਰਸ ਇਕ ਵਾਰ ਪਰਸਿਆਂ ਹੀ ਕਾਫੀ ਨਹੀਂ। ਇਸ ਨਾਮ ਅੰਮ੍ਰਿਤ ਰੂਪੀ ਪਾਰਸ ਰਸਾਇਣੀ ਕ੍ਰਿਸ਼ਮੇ ਨੂੰ ਖਿਨ ਖਿਨ ਕ੍ਰਿਸ਼ਮਣ ਦੀ ਲੋੜ ਹੈ। ਜੇ ਨਾ ਖਿਨ ਖਿਨ ਪਰਸੇ ਅਤੇ ਇਕ ਵਾਰ ਪਰਸ ਕੇ ਫੇਰ ਕਦੇ ਨਾ ਪਰਸੇ ਤਾਂ ਪਾਰਸ ਕਲਾ ਭੂਤੀ ਅੰਮ੍ਰਿਤ ਰਸਾਇਣ ਅਮਰ ਜੀਵਨੀ ਪ੍ਰਭਾਵ ਨਹੀਂ ਵਰਤਾ ਸਕਦਾ। ਚੜ੍ਹਦੀ ਕਲਾ ਤੋਂ ਖੜ੍ਹਦੀ ਕਲਾ ਹੋ ਜਾਂਦੀ ਹੈ ਅਤੇ ਸਮਾਂ ਪਾ ਕੇ ਖੜਦੀ ਕਲਾ ਤੋਂ ਢੈਂਦੀ ਅਤੇ ਨਿਘਰਦੀ ਕਲਾ ਦੀ ਨਿਘਰੋ ਸਿਘਰੀ ਆ ਜਾਂਦੀ ਹੈ। ਬਸ ਜੋ ਮਨ ਉਲਟ ਸਨਾਤਨ ਹੋ ਕੇ ਖੋਟਿਓਂ ਖਰਾ ਬਣਿਆ ਸੀ, ਓਹੀ ਫੇਰ ਖਰਿਓਂ ਖੋਟਾ ਹੋ ਜਾਂਦਾ ਹੈ। ਨਾਮੁ ਅੰਮ੍ਰਿਤ ਰੂਪੀ ਪਾਰਸ ਦੀ ਪਰਸ ਤੋਂ ਖੀਨ ਹੋ ਕੇ ਏਹੀ ਹਵਾਲ ਹੋਇ ਜਾਂਵਦੇ ਹਨ। ਨਾਮ ਦੇ ਸਨਮੁਖ ਅਭਿਆਸੀ ਹੋਣ ਦਾ ਪਾਰਸ ਫਲ ਪਰਦਾਤੇ ਵਲੋਂ ਇਹ ਮਿਲਦਾ ਹੈ ਕਿ ਅੰਮ੍ਰਿਤ ਨਾਮ ਅਭਿਆਸ ਪ੍ਰਾਇਣੀ ਗੁਰ ਸਨਮੁਖ ਸਿਖ ਖੋਟਿਉਂ ਖਰਾ ਹੋ ਜਾਂਦਾ ਹੈ। ਨਾਮ ਤੋਂ ਬੇਮੁਖ ਹੋਇਆਂ ਇਹ ਫਲ ਮਿਲਦਾ ਹੈ ਕਿ ਉਹ ਫੇਰ ਖਰਿਉਂ ਖੋਟਾ ਹੋ ਜਾਂਦਾ ਹੈ, ਆਪੋ ਆਪਣੇ ਕਰਮਾਂ ਦਾ ਫਲ ਸਭ ਨੂੰ ਮਿਲਦਾ ਹੈ, ਅਤੇ ਏਹਨਾਂ ਕਰਮਾਂ ਦੇ ਫਲ ਅਧੀਨ ਹੀ ਕਰਤੇ ਪੁਰਖ ਵਲੋਂ

ਖਰੇ ਖੋਟੇ ਪੁਰਸ਼ਾਂ ਦਾ ਉਪਾਵਣਾ ਹੁੰਦਾ ਹੈ, ਸੋਈ ਭਾਵ ਇਸ ਸ਼ਬਦ ਦੀ ਛੇਵੀਂ ਤੁਕ ਵਿਚ ਨਿਰਣਤ ਹੈ। ਖੋਟੇ ਖਰੇ ਪੁਰਸ਼ ਓਸ ਨੇ ਆਪ ਹੀ ਉਪਾਏ ਹਨ ਅਤੇ ਖੋਟੇ ਖਰੇ ਦੀ ਪਰਖ ਭੀ ਆਪ ਹੀ ਕੀਤੀ ਹੈ ਅਤੇ ਇਸ ਪਰਖ ਦੁਆਰਾ ਕਰਤੇ ਪੁਰਖ ਨੇ ਸਮੂਹ ਲੋਕ ਪਰਖੇ ਹਨ। ਖਰਿਆਂ ਨੂੰ ਤਾਂ ਪਰਖ ਕੇ ਖਜ਼ਾਨੇ ਪਾ ਲਿਆ ਹੈ ਅਤੇ ਖੋਟਿਆਂ ਨੂੰ ਫੇਰ ਭਰਮ ਭੁਆਟਣੀਆਂ ਮਿਲਦੀਆਂ ਹਨ ਤੇ ਚੁਰਾਸੀ ਦੇ ਗੇੜ ਵਿਚ ਭੁਆਉਂਦਾ ਹੈ। ਪਿਛਲੀ ਲੜੀ ਫੇਰ ਫੜਾਇਕੇ ਅਗਲੀ ਪੰਗਤੀ ਓਸੇ ਗੱਲ ਨੂੰ ਫੇਰ ਨਿਰ-ਣਾਉਂਦੀ ਹੈ ਕਿ ਗੁਰੂ ਅਕਾਲ ਪੁਰਖ ਦੇ ਭਾਣੇ ਵਿਚ ਹੀ ਅੰਮ੍ਰਿਤ ਵਸਦਾ ਹੈ ਅਤੇ ਭਾਣੇ ਅੰਦਰ ਹੀ ਓਹ ਜਿਸ ਕਿਸੇ ਦੇ ਭਾਗ ਕਰਮਾਂ ਅਨੁਸਾਰ ਜਗਾਉਂਦਾ ਹੈ ਓਸੇ ਨੂੰ ਅੰਮ੍ਰਿਤ ਪੀਆਵੰਦਾ ਹੈ। ਇਸ ਅੰਮ੍ਰਿਤ ਕਲਾ ਧਾਰੀ ਨਾਮੀ ਨੂੰ ਵੇਖੇ ਪਰਤਖ ਵੇਖੇ ਬਿਨਾਂ ਕਿਵੇਂ ਸਾਲਾਹਿਆ ਜਾਵੇ। ਵੇਖੇ ਬਾਝੋਂ ਪਤੀਜ ਨਹੀਂ ਆਉਂਦੀ। ਪਤੀਜੇ ਬਿਨਾਂ ਸਾਲਾਹੁਣ ਦੀ ਹਲਾਸ਼ੇਰੀ ਨਹੀਂ ਉਪਜਦੀ। ਅਤੇ ਆਪੇ ਵੇਖਣਾ ਅਤੇ ਸਾਲਾਹੁਣਾ ਅਤੀ ਸੰਭਵ ਹੈ, ਇਹ ਤਾਂ:-

"ਗੁਰਪਰਸਾਦੀ ਸਬਦਿ ਸਾਲਾਹੀ।"

ਗੁਰੂ ਪਰਸਾਦੁ ਕਰੇ, ਨਾਮ ਦੇਵੇ ਤਾਂ ਨਾਮੀ ਇਸ ਨਾਮ ਸ਼ਬਦ ਦੁਆਰਾ ਸਾਲਾਹਿਆ ਜਾਵੇ ਤਾਂ ਘਾਲ ਥਾਇ ਪਵੇ ਅਤੇ ਅਤੁਟ ਸ਼ਬਦ ਕਮਾਈਆਂ ਹੋਣ, ਇਸ ਬਿਧਿ

ਝਸ ਜੋਤਿ-ਪ੍ਰਕਾਸ਼ੀ ਅੰਮ੍ਰਿਤ ਦੀ ਨੈਂ ਚਲਦੀ ਰਹਿੰਦੀ ਹੈ। ਰੱਤੇ ਪਹਿਰ ਰਸ ਜੋਤਿ ਅੰਮ੍ਰਿਤ ਧਾਰ ਦਾ ਮੂਸਲੇ ਧਾਰ ਮੀਂਹ ਪੈਂਦਾ ਰਹਿੰਦਾ ਹੈ ਇਸ ਪਾਰਸ ਅੰਮ੍ਰਿਤੁ ਰਸਾਇਆਂ ਦੀ ਪਾਰਸ ਅਭਿਆਸ ਕਮਾਈ ਦੀ ਬਰਕਤ ਕਰਕੇ ਸਹਿਜ ਸੁਭਾਇ ਹੀ ਨਭ ਨਾਭ ਵਿਖੇ ਇਕ ਸਾਰ ਅੰਮ੍ਰਿਤ ਬਰਸਦਾ ਹੈ। ਅਤੇ ਕੋਈ ਵਿਰਲਾ ਅਤੇ ਵਡਿਭਾਗਾ ਗੁਰਮੁਖ ਜਨ ਹੀ ਇਸ ਸਹਿਜ ਊਨਵੀ ਵਰਸਾਉ ਵਾਲੇ ਅੰਮ੍ਰਿਤ ਨੂੰ ਡੁੱਲਦਾ ਹੈ ਅਤੇ ਦਮ ਬਦੰਮ ਅੰਮ੍ਰਿਤੁ ਪੀ ਪੀ ਕੇ ਸਦਾ ਤ੍ਰਿਪਤਾਸਿਆ ਰਹਿੰਦਾ ਹੈ ਅਤੇ ਉਸਦੀਆਂ ਸਾਰੀਆਂ ਤ੍ਰਿਸ਼-ਨਾਵਾਂ, ਬਿਖੇ-ਬਾਸ਼ਨਾਵੀ ਤ੍ਰਿਸ਼ਨਾਂ ਵਾਸ਼ਨਾਵਾਂ ਸਭ ਬੁਝ ਜਾਂਦੀਆਂ ਹਨ ਅਤੇ ਬੁਝੀਆਂ ਰਹਿੰਦੀਆਂ ਹਨ, ਜਿਸ ਉਤੇ ਗੁਰੂ ਦੀ ਅਪਾਰ ਕਿਰਪਾ ਹੁੰਦੀ ਹੈ ਓਸੇ ਗੁਰਮੁਖ ਜਨ ਨੂੰ ਇਸ ਅੰਮ੍ਰਿਤ ਰਸ ਦੇ ਗਟਾਕ ਗੁਰੂ ਪੀਆਵੰਦਾ ਹੈ। ਓਸ ਦੀ ਰਸਨਾ ਇਸ ਅੰਮ੍ਰਿਤ ਰਸ ਨੂੰ ਚਖ ਚਖ ਸਦਾ ਹਰਿ ਰੰਗ ਰੱਤੀ ਰਹਿੰਦੀ ਹੈ ਅਤੇ ਇਸ ਰੰਗ-ਰੱਤੜੀ ਦਸ਼ਾ ਵਿਚ ਲਿਵ ਮਗਨ ਹੋ ਕੇ ਉਹ ਸਹਿਜ ਅਵਸਥਾ ਵਿਖੇ ਲੀਨ ਹੋਇਆ ਹਰ ਗੁਣ ਗਾਵੰਦਾ ਰਹਿੰਦਾ ਹੈ। ਇਉਂ ਉਸ ਦੀ ਸੁਰਤੀ ਬਿਰਤੀ ਖਿੜਕਣ ਤੇ ਡਿਗਣ ਡੋਲਣ ਤੋਂ ਥੰਮੀ ਰਹਿੰਦੀ ਹੈ। ਪਰੰਤੂ ਇਹ ਸਹਿਜ ਪਦ ਕਿਸੇ ਵਿਰਲੇ ਨੂੰ ਹੀ ਮਿਲਦਾ ਹੈ ਅਤੇ ਜਿਸ ਨੂੰ ਮਿਲਦਾ ਹੈ, ਗੁਰਪ੍ਰਸਾਦੀ ਹੀ ਮਿਲਦਾ ਹੈ। ਅਰਥਾਤ ਗੁਰੂ ਘਰ ਦੇ ਅੰਮ੍ਰਿਤ ਪ੍ਰਸ਼ਾਦੀ

ਛਾਂਦਿਆਂ ਦੀ ਦਾਤ ਪ੍ਰਾਪਤ ਹੋਣ ਪਰ ਮਿਲਦਾ ਹੈ। ਇਸ ਸਹਜੁ ਪਦੁ ਨੂੰ ਪਾ ਕੇ ਹੀ ਉਸ ਦੀ ਦੁਬਿਧਾ ਮਰਦੀ ਹੈ, ਇਕਸ ਸਿਉ ਲਿਵ ਲਾਉਣ ਕਰਕੇ। ਇਸ ਅੰਮ੍ਰਿਤ ਨਾਮ ਮਹਾਂ ਰਸ ਲਿਵਤਾਰ ਨੂੰ ਸਦਾ ਇਕ ਰਸ ਸੋਈ ਜਨ ਮਾਣਦਾ ਹੈ ਜੋ ਗੁਰਮੁਖ ਸਿਖ ਗੁਰੂ ਦੀ ਨਦਰ ਮੇਹਰ ਦਾ ਪਾਤਰ ਹੋਇਆ ਪਿਆ ਹਰਿ ਗੁਣ ਗਾਵੰਦਾ ਸਦਾ ਸਿਫਤਿ ਸਲਾਹ ਕਰਦਾ ਰਹਿੰਦਾ ਹੈ। ਅਤੇ ਇਉਂ ਨਦਰ ਪਾਤਰ ਹੋ ਕੇ ਉਸ ਦਾ ਅਮਰ ਪਦੁ ਵਿਖੇ ਹੀ ਸਮਾਉਣਾ ਹੋ ਜਾਂਦਾ ਹੈ। ਇਸ ਗੁਰੂ ਕਰਤਾਰੀ ਨਦਰ ਮੇਹਰ ਦਾ ਪਾਤਰ ਥੋਹੜਾ ਬਹੁਤਾ ਹਰ ਕੋਈ ਹੋ ਸਕਦਾ ਹੈ। ਇਸ ਨਦਰ ਮੇਹਰ ਦੇ ਸਭੇ ਸਾਂਝੀਵਾਲ ਹਨ, ਕੋਈ ਭੀ ਨਦਰ ਬਾਹਰਾ ਨਹੀਂ। ਪਰ ਇਸ ਨਦਰ ਮੇਹਰ ਦੀ ਸੱਚੀ ਸੋਝੀ ਗੁਰੂ ਦੁਆਰਾ ਕਿਸੇ ਗੁਰਮੁਖ ਜਨ ਨੂੰ ਹੀ ਪੈ ਸਕਦੀ ਹੈ। ਜਿਸ ਗੁਰਮੁਖ ਜਨ ਉਪਰ ਇਹ ਨਦਰ ਮੇਹਰ ਹੁੰਦੀ ਹੈ ਅਤੇ ਜਿਸ ਗੁਰ-ਮੁਖ ਨੂੰ ਨਦਰ ਮੇਹਰ ਦੀ ਸੱਚੀ ਸੋਝੀ ਪੈਂਦੀ ਹੈ, ਓਹੀ ਗੁਰਮੁਖ ਪਿਆਰਾ ਨਾਮੁ ਅੰਮ੍ਰਿਤ ਤੱਤੁ ਦੀ ਤੱਤ ਅਭਿਆਸ ਕਮਾਈ ਕਰਦਾ ਹੈ, ਨਹੀਂ ਤਾਂ 'ਪਾਲਸਮੁਹਾ' ਅੰਮ੍ਰਿਤ ਸਰੋਵਰ ਭਰਿਆ ਸਦਾ ਹੀ ਆਕਾਸ਼ ਗਗਨ ਵਿਖੇ ਡਲ੍ਹ ਡਲ੍ਹ ਕਰਦਾ ਹੈ ਅਤੇ ਇਸ ਅੰਮ੍ਰਿਤ ਦੇ ਭੰਡਾਰ ਸਦਾ ਹੀ ਭਰੇ ਰਹਿੰਦੇ ਹਨ। ਪ੍ਰੰਤੂ ਸਤਿਗੁਰੂ ਦਾ ਨਦਰ ਪਾਤਰੀ ਸੇਵਕ ਸਿਖ ਬਣੇ ਬਿਨਾਂ ਕਿਸੇ ਨੂੰ ਇਹ ਅਮਰ ਪਦਾਰਥ

ਨਹੀਂ ਪਰਾਪਤਿ ਹੁੰਦਾ । ਗੁਰ ਕ੍ਰਿਪਾ ਦੁਆਰਾ ਅੰਮ੍ਰਿਤ ਨਾਮ ਦੀ ਗੁਰਮੰਤ੍ਰੀ ਬੀਜ ਮਾਤਰ ਦੀ ਪ੍ਰਾਪਤੀ ਜਿਸ ਨੂੰ ਹੁੰਦੀ ਹੈ, ਓਹੀ ਗੁਰ ਨਦਰ ਪਾਤਰੀ ਜਨ ਨਾਮ ਜਪਿ ਜਪਿ ਕੇ ਅਰਥਾਤ ਨਾਮ ਅਭਿਆਸ ਕਮਾਈ ਕਰ ਕਰ ਕੇ ਹਉਮੈ ਦੀ ਪਾਲ ਵਿਚੋਂ ਦੂਰ ਕਰਦਾ ਹੈ। ਫੇਰ ਅੰਮ੍ਰਿਤ ਦੇ ਮੋਘੇ ਖੁਲ ਖੁਲ ਪੈਂਦੇ ਹਨ। ਫਿਰ ਜੋ ਨਾਮ ਭਗਤਿ ਕਮਾਈ ਰੂਪੀ ਸਤਿਗੁਰੂ ਦੀ ਸੇਵਾ ਕਰਨ ਵਿਚ ਖਿਨ ਖਿਨ ਪਲ ਪਲ ਤਤਪਰ ਰਹਿੰਦਾ ਹੈ, ਉਸ ਦੇ ਮੁਖ ਉਤੇ ਸਦਾ ਹੀ ਅੰਮ੍ਰਿਤ ਰਸ ਤੇਜਸ੍ਵੀ ਜਲਵਾ ਵਰਸਦਾ ਰਹਿੰਦਾ ਹੈ। ਅੰਮ੍ਰਿਤ ਨਾਮ ਦੇ ਜੋਤਿ ਜਲਵਨੀ ਪ੍ਰਭਾਵ ਕਹਿ ਓਹ ਘਟ ਸੋਹਨੀ ਮਨ ਮੋਹਣ ਬਣ ਜਾਂਦਾ ਹੈ। ਇਸ ਬਿਧ ਉਸ ਦਾ ਮਨ ਤਨ ਅੰਮ੍ਰਿਤ ਨਾਮ ਬਾਣੀ ਰਤੰਨਾਂ ਹੀ ਰਹਿੰਦਾ ਹੈ ਅਤੇ ਸਹਜ ਸਭਾਵ ਉਸ ਦੇ ਮੁਖ ਤੋਂ ਅੰਮ੍ਰਿਤ ਹੀ ਫੁਰਸਦਾ ਹੈ, ਅਤੇ ਅੰਮ੍ਰਿਤ ਹੀ ਨਿਕਸਦਾ ਹੈ। ਤਾਂਤੇ ਇਸ ਅੰਮ੍ਰਿਤ ਨਾਮ ਅਭਿਆਸ ਦੀ ਖਿਨ ਖਿਨੀ ਤਤ ਕਮਾਈ ਹੀ ਹੈ ਜੋ ਗੁਰਸਿਖਾਂ ਗੁਰਮੁਖਾਂ ਨੂੰ ਤੱਤ ਗੁਰਮਤਿ ਮਾਰਗ ਤੋਂ ਗਿਰਨ ਨਹੀਂ ਦਿੰਦੀ ਅਤੇ ਬਿਖ ਰਸਾਂ ਵਿਚ ਖੱਚਤ ਹੋਣੋ ਅਤੇ ਖੀਨ ਖਰਾਬ ਹੋਣੋ ਹਰਦੰਮ ਰੋਕਦੀ ਰਹਿੰਦੀ ਹੈ।

ਮਨਮੁਖਤਾਈ ਦਾ ਫਲ

ਨਾਮ ਅਭਿਆਸ ਕਮਾਈ ਰੂਪੀ ਗੁਰੂ ਦੇ ਤੱਤ

ਹੁਕਮ ਤੋਂ ਬੇ-ਮੁਖ ਹੋ ਕੇ ਜੋ ਸਿਖ ਭੀ ਆਪਣੇ ਮਨ ਦੇ ਮਗਰ ਲਗ ਕੇ ਚਲਦਾ ਹੈ, ਸੋਈ ਮਨਮੁਖ ਕਹਾਉਂਦਾ ਹੈ, ਮਨ-ਮੁਖੀ ਸਿਖ ਦਾ ਗੁਰੂ ਦੇ ਹੁਕਮ ਤੋਂ ਬੇਮੁਖ ਹੋ ਕੇ ਚਲਣਾ ਅਤੇ ਆਪ ਦੇ ਮਨ ਦੇ ਮਗਰ ਲਗਣਾ, ਗੁਰਮਤਿ ਤੋਂ ਗਿਰਣ ਅਤੇ ਗੁਰਸਿਖੀ ਤੋਂ ਪਤਿਤ ਹੋਣ ਦਾ ਪਹਿਲਾ ਮੁਢਲਾ ਕਾਰਨ ਹੈ। ਮਨਮੁਖ ਪੁਰਸ਼ ਆਪਣੇ ਮਨ ਮਗਰ ਲਗ ਕੇ ਗੁਰਮਤਿ ਮਾਰਗ ਤੋਂ ਮੁਨਹਰਫ ਹੋ ਕੇ ਪਿਆ ਭੁਲਾ ਭਟਕਦਾ ਫਿਰਦਾ ਹੈ। ਅਤੇ ਦੂਜੇ ਭਾਇ ਵਿਚ ਖੱਚਤ ਹੋ ਕੇ ਖੁਆਰ ਹੁੰਦਾ ਰਹਿੰਦਾ ਹੈ। ਨਾਮ ਅੰਮ੍ਰਿਤ ਦੀ ਅਮਰ ਸੁਰਜੀਤਨੀ ਕਲਾ ਤੋਂ ਘੁਥ ਕੇ ਮਿਰਤਕ ਮੜ੍ਹਾ ਸਰੀਰ ਹੋ ਜਾਂਦਾ ਹੈ। ਨਾਮ ਮਹਾਂ ਰਸ ਨੂੰ ਛਡ ਕੇ ਬਿਖਯਾ ਰਸਾਂ ਅੰਦਰ ਲਪਟ ਖਪਟ ਹੋ ਕੇ ਅਨਦਿਨ ਖਪ ਖਪ ਮਰਦਾ ਹੈ। ਉਸ ਦਾ ਦਿਨ ਰਾਤ ਵਿਸ਼ਟਾ ਅੰਦਰ ਹੀ ਵਾਸਾ ਰਹਿੰਦਾ ਹੈ, ਸੋ ਇਸ ਬਿਧ ਸੁਚਿਆਰ ਸਿਖ ਸੇਵਕ ਵਾਲੀ ਪਦਵੀ ਤੋਂ ਪਤਿਤ ਹੋ ਕੇ ਓਹ ਚੌਰਾਸੀ ਦੇ ਗੇੜ ਵਿਚ ਜਾ ਪੈਂਦਾ ਹੈ।

ਜਨਮ ਅਜਾਈਂ ਕਿਵੇਂ ਜਾਂਦਾ ਹੈ ?

"ਮਨਮੁਖ ਭੂਲਾ ਦੂਜੈ ਭਾਇ ਖੁਆਇ ॥ ਨਾਮ ਨ ਲੇਵੈ ਮਰੈ ਬਿਖੁ ਖਾਇ ॥ ਅਨੁਦਿਨ ਸਦਾ ਵਿਸਟਾ ਮਹਿ ਵਾਸਾ ਬਿਨ ਸੇਵਾ ਜਨਮੁ ਗਵਾਵਣਿਆ ॥"

ਜਿਨ੍ਹਾਂ ਨਾਮਧਰੀਕ ਸਿਖਾਂ ਦਾ ਨਾਮ ਮਾਤਰ

ਅੰਮ੍ਰਿਤ ਛਕਣ ਪਿਛੋਂ ਉਪਰ ਲਿਖੇ ਗੁਰਵਾਕ ਅਨੁਸਾਰ ਸਦਾ ਹੀ ਵਿਸ਼ਟਾ ਵਿਚ ਵਾਸਾ ਰਹਿੰਦਾ ਹੈ, ਤਿਨ੍ਹਾਂ ਦਾ ਜਨਮ ਅਜਾਈਂ ਹੀ ਗਵਾਇਆ ਜਾਂਦਾ ਹੈ। ਉਨ੍ਹਾਂ ਦਾ ਇਸ ਭਰਵਾਸੇ ਰਹਿਣਾ—ਕਿ ਅਸੀਂ ਇਕ ਵਾਰ ਅੰਮ੍ਰਿਤ ਛਕ ਲਿਆ, ਬਹੁੜ ਨਾ ਹੀ ਨਾਮ ਅਭਿਆਸ ਦੀਆਂ ਕਮਾਈਆਂ ਕਰਨ ਦੀ ਲੋੜ ਹੈ ਤੇ ਨਾ ਹੀ ਉਹ ਪਤਿਤ ਹੋ ਸਕਦੇ ਹਨ, ਭਾਵੇਂ ਉਹ ਜੀ ਆਈਆਂ ਹਰੀਆਂ ਅੰਗੂ-ਰੀਆਂ ਚੁਗਦੇ ਫਿਰਨ—ਰੰਚਕ ਮਾਤਰ ਵੀ ਉਹਨਾਂ ਲਈ ਸਹਾਈ ਨਹੀਂ ਹੋ ਸਕਦਾ।

ਜਿਨ੍ਹਾਂ ਵਡਭਾਗੇ ਗੁਰਸਿਖਾਂ ਨੇ ਅੰਮ੍ਰਿਤ ਛਕ ਕੇ ਨਾਮ ਅਭਿਆਸ ਕਮਾਈ ਰੂਪੀ ਤਤ ਰਹਿਤ ਰਹਿਣੀ ਭੈ ਭਾਵਨੀ ਸਹਿਤ ਰੱਖੀ ਹੈ ਤੇ ਤੋੜ ਨਿਬਾਹੀ ਹੈ, ਸੋਈ ਭੈ ਭਾਵਨੀ ਵਾਲੇ ਗੁਰ-ਜਨ ਗੁਰਸਿਖੀ ਤੋਂ ਪਤਿਤ ਹੋਣੋਂ ਬਚੇ ਰਹਿ ਸਕਦੇ ਹਨ, ਅਤੇ ਤਿਨ੍ਹਾਂ ਦਾ ਹੀ ਇਕ ਵਾਰ ਅੰਮ੍ਰਿਤ ਛਕਿਆ ਸਦਾ ਅਮਰ ਸੁਰਜੀਤਨੀ ਅਸਥਿਰਤਾ ਵਿਖੇ ਅਰੂੜ ਰਹਿੰਦਾ ਹੈ ਤੇ ਉਹ ਕਦੇ ਵੀ ਜਨਮ ਪਦਾਰਥ ਨੂੰ ਅਜਾਈਂ ਨਹੀਂ ਖੋਂਦੇ ਅਤੇ ਤਿਨ੍ਹਾਂ ਨੂੰ ਹੀ ਅੰਮ੍ਰਿਤ ਛਕਣ ਦਾ ਸੱਚਾ ਸੁਆਦ ਆਇਆ ਹੈ। ਸੋਈ ਜਨ ਅੰਮ੍ਰਿਤ ਛਕ ਕੇ ਪ੍ਰਵਾਨ ਪਏ ਹਨ। ਯਥਾ ਗੁਰਵਾਕ.—

ਭਾਈ ਰੇ ਗੁਰਮੁਖਿ ਬੂਝੈ ਕੋਇ ॥ ਬਿਨ ਬੂਝੈ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ ॥ ਜਿਨੀ

ਚਾਖਿਆ ਤਿਨੀ ਸ੍ਵਾਦ ਆਇਆ ਬਿਨੁ ਚਾਖੇ ਭਰਮ ਭੁਲਾਇ ॥ ਅੰਮ੍ਰਿਤ ਸਾਚਾ ਨਾਮੁ ਹੈ ਕਹਿਣਾ ਕਿਛੂ ਨਾ ਜਾਇ ॥ ਪੀਵਤ ਹੂੰ ਪ੍ਰਵਾਨ ਭਇਆ ਪੂਰੈ ਸਬਦਿ ਸਮਾਇ ॥ ੨ ॥ ਆਪ ਦੇਇ ਤ ਪਾਈਐ ਹੋਰ ਕਹਿਣਾ ਕਿਛੂ ਨ ਜਾਇ ॥ ਦੇਵਣ ਵਾਲੇ ਕੇ ਹਥਿ ਦਾਤਿ ਹੈ ਗੁਰੂਦੁਆਰੇ ਪਾਇ ॥ ਜਿਹਾ ਕੀਤੋਨਿ ਤਿਹਾ ਹੋਆ ਜੇਹੇ ਕਰਮ ਕਮਾਇ ॥

ਇਸ ਉਪਰਲੇ ਗੁਰਵਾਕ ਦੀ ਪਿਛਲੀ ਪੰਕਤੀ ਤੋਂ ਸਾਫ ਸਿਧਿ ਹੋਇਆ ਕਿ ਜੇਹੇ ਕੋਈ ਕਰਮ ਕਮਾਂਵਦਾ ਹੈ, ਤੇਹੋ ਜਿਹਾ ਹੀ ਓਹਨਾਂ ਕਰਮਾਂ ਦੇ ਕਰਨਹਾਰਾ ਹੋਇ ਰਹਿੰਦਾ ਹੈ। ਪਤਿਤ ਕਰਮਾਂ ਦੇ ਕਰਨਹਾਰਾ ਪਤਿਤ ਹੀ ਕਹਾਏਗਾ।

ਪਤਿਤ ਕਰਮੀ ਨੂੰ ਇਸ ਗੱਲ ਦਾ ਕੋਈ ਨਿਘਾਸ ਧਰਵਾਸ ਨਹੀਂ ਕਿ ਓਸ ਨੇ ਇਕ ਵਾਰ ਅੰਮ੍ਰਿਤ ਛਕਿਆ ਹੋਇਆ ਹੈ ਤੇ ਬਹੁੜ ਛਕਣ ਦੀ ਲੋੜ ਨਹੀਂ। ਪਤਿਤ ਦਸ਼ਾ ਵਿਚੋਂ ਉਭਾਰਨ ਲਈ ਜੇ ਬਹੁੜ ਅੰਮ੍ਰਿਤ ਛਕਣ ਦੀ ਲੋੜ ਨਹੀਂ ਤਾਂ ਪਹਿਲੀ ਵਾਰ ਓਸ ਨੂੰ ਅੰਮ੍ਰਿਤ ਛਕਣ ਦੀ ਕੀ ਲੋੜ ਸੀ ? ਪਤਿਤ ਕਰਮਾਂ ਵਿਚ ਪਿਆ ਖੱਚਤ ਤੇ ਖੀਨ ਖਰਾਬ ਪਇਆ ਫਿਰਦਾ। ਅੰਮ੍ਰਿਤ ਛਕੇ ਬਾਝੋਂ ਉਹ ਕਦੇ ਵੀ ਨਿਰਮਲ ਨਹੀਂ ਹੋ ਸਕਦਾ ਅਤੇ ਅੰਮ੍ਰਿਤ ਛਕ ਕੇ ਭੀ ਅੰਮ੍ਰਿਤ ਨਾਮ ਅਭਿਆਸ ਦੀ ਕਮਾਈ

ਕੀਤੇ ਬਾਝੋਂ ਉਹ ਸਦਾ ਨਿਰਮਲ ਤੇ ਪਤਿਤੋਂ ਪਵਿੱਤ੍ਰ ਨਹੀਂ ਰਹਿ ਸਕਦਾ। ਜਤੁ ਸਤੁ ਸੰਜਮ ਰੂਪੀ ਗੁਰਮਤ ਰਹਿਤ ਰਹਿਣੀ ਦੇ ਸ਼ੁਭ ਕਰਮਾਂ ਵਿਖੇ ਉਹ ਤਦ ਤਾਈਂ ਸੁਚੇਤ ਰਹਿ ਸਕਦਾ ਹੈ ਜਦ ਤਾਈਂ ਅੰਮ੍ਰਿਤ ਨਾਮ ਦੀਆਂ ਪਾਰਸ ਕਮਾਈਆਂ ਦੀ ਸਾਵਧਾਨਤਾ ਬਣੀ ਰਹਿੰਦੀ ਹੈ। ਵਾਸਤਵ ਵਿਚ ਨਾਮ ਹੀ ਜਪ ਤਪ ਸੰਜਮ ਦਾ ਤਤੁ ਆਸਰਤ ਸਰੂਪ ਹੈ। ਯਥਾ ਗੁਰਵਾਕ:-

"ਜਤੁ ਸਤੁ ਸੰਜਮ ਨਾਮੁ ਹੈ ਵਿਣੁ ਨਾਵੈ ਨਿਰਮਲ ਨ ਹੋਇ।"

ਜਿਨ੍ਹਾਂ ਸਿਖ ਜਗਿਆਸੂਆਂ ਦੇ ਰਿਦੇ ਭੂਮਕਾ ਅੰਦਰ ਅੰਮ੍ਰਿਤ ਬੀਜ ਬੋਇਆ ਗਿਆ ਹੈ, ਫਿਰ ਉਸ ਅੰਮ੍ਰਿਤ ਬੀਜ ਦੀ ਅੰਮ੍ਰਿਤ ਨਾਮ ਅਭਿਆਸ ਕਮਾਈਆਂ ਰੂਪੀ ਪਾਲਣਾ ਪੋਸਣਾ ਕੀਤੀ ਹੈ, ਤਿਨਾਂ ਗੁਰਮੁਖਾਂ ਦੀ ਰਿਦੇ ਭੂਮਕਾ ਅੰਦਰ ਹੀ ਅੰਮ੍ਰਿਤ ਬੀਜ ਜਮਕੇ ਫਲਿਆ ਫੁਲਿਆ ਹੈ। ਯਥਾ ਗੁਰਵਾਕ:-

"ਗੁਰਮੁਖ ਬੀਜੈ ਸਚੁ ਜੰਮੈ ਸਚੁ ਨਾਮੁ ਵਾਪਾਰੁ।"

ਗੁਰਸਿਖ ਅੰਮ੍ਰਿਤਧਾਰੀ ਸੁਕ੍ਰਿਤ ਕਰਨੀ ਰੂਪੀ ਕਰਾਰੀ ਕਾਰ ਕਰਨ ਹਾਰਾ ਗੁਰਮੁਖ ਅਭਿਆਸੀ ਜਨ ਕਦੇ ਪਤਿਤ ਕਰਮਾਂ ਵਿਖੇ ਪਰਵਿਰਤ ਹੋ ਹੀ ਨਹੀਂ ਸਕਦਾ। ਸਗੋਂ ਓਸ ਦੇ ਇਸ ਸੁਕ੍ਰਿਤ ਕਰਨੀ ਰੂਪੀ ਗੁਣਾਂ ਦਾ ਧਾਰਨੀ ਹੋਣ ਕਰਕੇ ਉਸ ਦੇ ਅੰਦਰੋਂ ਸਨੇ ਸਨੇ ਸਾਰ ਅਵਗੁਣਾਂ ਦਾ ਬਿਨਾਸ ਹੋ ਜਾਂਦਾ ਹੈ।

"ਗੁਣ ਸੰਗ੍ਰਹੁ ਵਿਚਹੁ ਅਵਗਣ ਜਾਹਿ॥"

ਨਾਮ ਜਪਣ ਕਰ ਕੇ ਅਵਗਣ ਕਰਨ ਦਾ ਅਹਿ-ਸਾਸ ਵੀ ਨਹੀਂ ਫੁਰ ਸਕਦਾ ਅਤੇ ਹਉਮੈ ਮਾਇਆ ਬਿਖ ਦੂਰ ਹੁੰਦੀ ਹੈ ਤਾਂ ਅੰਮ੍ਰਿਤ ਨਾਮ ਦੀ ਕਮਾਈ ਕਰ ਕੇ ਹੀ ਹੁੰਦੀ ਹੈ। ਅੰਮ੍ਰਿਤ ਨਾਮ ਦੀ ਕਮਾਈ ਦੀ ਪਾਰਸ ਕਲਾ ਦੁਆਰਾ ਉਹ ਮਨੂਰੋਂ ਕੰਚਨ ਸੁਕਿਓਂ ਹਰਾ ਹੋ ਜਾਂਦਾ ਹੈ। ਯਥਾ:-

"ਅੰਮ੍ਰਿਤ ਹਰਿ ਹਰਿ ਨਾਮੁ ਹੈ ਮੇਰੀ ਜਿੰਦੜੀਏ ਅੰਮ੍ਰਿਤ ਗੁਰਮਤਿ ਪਾਏ ਰਾਮ॥ ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੜੀਏ ਹਰਿ ਅੰਮ੍ਰਿਤ ਬਿਖੁ ਲਹਿ ਜਾਏ ਰਾਮ॥ ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੜੀਏ ਹਰਿ ਹਰਿ ਨਾਮੁ ਧਿਆਏ ਰਾਮ।"

ਸੁਚੇ ਭਾਂਡੇ ਹੀ ਸਤਿਗੁਰਾਂ ਨੂੰ ਭਾਵਦੇ ਹਨ ਤੇ ਉਹੀ ਪਵਿੱਤ੍ਰ ਕਹਾਂਵਦੇ ਹਨ, ਮੈਲੇ ਭਾਂਡੇ ਆਪੋਂ ਧੋਤੇ ਕਦੇ ਹਛੇ ਨਹੀਂ ਹੋ ਸਕਦੇ, ਉਹ ਤਾ ਸਦਾ ਮਲੀਨ ਹੀ ਰਹਿੰਦੇ ਹਨ, ਮਲੀਨੋਂ ਨਿਰਮਲ ਜੇ ਹੋਇ ਆਂਵਦੇ ਹਨ ਤਾਂ ਬਹੁੜ ਗੁਰੂ-ਦੁਆਰੇ ਹੀ ਹੋਇ ਆਂਵਦੇ ਹਨ ਤੇ ਪੂਰਨ ਪ੍ਰਾਸਚਿਤ ਪਸਚਾਤਾਪ ਕਰਨਿ ਕਰ ਤੇ ਬਹੁੜ ਅੰਮ੍ਰਿਤ ਛਕਣ ਕਰ ਹੀ ਸੁਧ ਹੋਇ ਸਕਦੇ ਹਨ। ਯਥਾ ਗੁਰਵਾਕ:-

ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ॥ ਭਾਂਡਾ ਅਤ ਮਲੀਨ ਧੋਤਾ ਹਛਾ ਨ ਹੋਇਸੀ॥ ਗੁਰੂਦੁਆਰੈ

ਹੋਇ ਸੋਝੀ ਪਾਇਸੀ, ਏਤ ਦੁਆਰੈ ਧੋਇ ਹਛਾ ਹੋਇਸੀ ॥ ਮੈਲੇ ਹਛੇ ਕਾ ਵੀਚਾਰ ਆਪ ਵਰਤਾ-ਇਸੀ, ਮਤ ਕੋ ਜਣੈ ਜਾਇ ਅਗੈ ਪਾਇਸੀ। ਜੇਹੇ ਕਰਮ ਕਮਾਇ ਤੇਹਾ ਹੋਇਸੀ, ਅੰਮ੍ਰਿਤ ਹਰਿ ਕਾ ਨਾਉ ਆਪਿ ਵਰਤਾਇਸੀ॥ ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ॥ ਮਾਣਸ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ॥ ਨਾਨਕ ਆਪ ਨਿਹਾਲ ਸਭ ਕੁਲ ਤਾਰਸੀ॥"

ਮਨਮੁਖੀ ਪੁਰਸ਼ਾਂ ਦੀਆਂ ਮੈਲੀਆਂ ਤੇ ਹੋਛੀਆਂ ਵਿਚਾਰਾਂ ਮੈਲਿਓਂ ਹਛੇ ਤੇ ਹਛਿਓਂ ਕਦੇ ਨ ਮੈਲੇ ਹੋਣ ਵਾਲੇ ਮਸਲੇ ਉਤੇ ਤੱਤੁ ਵਿਚਾਰ ਰੂਪੀ ਛਾਨ ਬੀਨ ਕਦਾ-ਚਿਤ ਨਹੀਂ ਕਰ ਸਕਦੀਆਂ। ਗੁਰੂ ਕਰਤਾਰ ਹੀ ਏਹ ਮੈਲੇ ਹਛੇ ਕਾ ਵੀਚਾਰੁ ਆਪਣੀ ਕਲਾ ਅਨੁਸਾਰ ਵਰਤਾਇ ਸਕਦਾ ਹੈ। ਬਸ ਜਿਥੇ ਨਾਮ ਦੀ ਕਲਾ ਵਰਤਦੀ ਹੈ, ਉਹ ਭਾਂਡੇ ਮੈਲਿਓਂ ਊਜਲ ਹੋ ਜਾਂਦੇ ਹਨ। ਨਾਮ ਦੀ ਕਲਾ ਤੋਂ ਸੱਖਣੇ ਭਾਂਡੇ ਅੱਤ ਮਲੀਨ ਹੋਇ ਰਹਿੰਦੇ ਹਨ। ਸਦਾ ਮਲ ਰਹਿਤ ਭਾਂਡੇ ਤਿਨਾਂ ਭਗਤ ਜਨਾਂ ਗੁਰਮੁਖ ਸਿਖਾਂ ਦੇ ਹੀ ਰਹਿੰਦੇ ਹਨ ਜੋ ਨਾਮ ਅਭਿਆਸ ਰੂਪੀ ਭਗਤੀ ਭਾਵ ਵਾਲੇ ਸੁਖ ਧਾਮ ਵਿਖੇ ਹੀ ਸਦਾ ਆਪਣਾ ਬਿਸ੍ਰਾਮ ਰਖਦੇ ਹਨ। ਭਗਤ ਵਛਲ ਸੁਆਮੀ ਅਕਾਲ ਪੁਰਖ ਅੰਤਰ ਜਾਮੀ ਦੇ ਸੁੰਦਰ ਸਰੂਪ ਦੇ ਸਾਕਸ਼ਾਤ ਕਾਰਕ ਧਾਮ ਵਿਖੇ ਬਿਸਰਾਮ

ਪ੍ਰਾਪਤ ਹੋਣਾ ਤਾਂ ਭਗਤ ਜਨਾਂ ਦਾ ਤੱਤ ਆਦਰਸ਼ੀ ਨਿਸ਼ਾਨਾ ਹੁੰਦਾ ਹੈ। ਇਸ ਧਾਮ ਦੀ ਪ੍ਰਾਪਤੀ ਹਿਤ ਆਸਾ ਲਗਿ ਜੀਵਨਾ ਭੀ ਭਗਤ ਜਨਾਂ ਨੂੰ ਸੰਸਾਰੀ ਬਿਖੇ ਰਸਾਂ ਵਿਖੇ ਖੱਚਤ ਹੋਣ ਤੋਂ ਉਪ੍ਰਾਮ ਰਖਦਾ ਹੈ। ਏਸੇ ਭਾਉ ਭਗਤੀ ਵਿਚਿ ਉਹ ਮਨ-ਤਨ ਕਰਕੇ ਸਦਾ ਹੀ ਗਲਤਾਨ ਰਹਿੰਦੇ ਹਨ ਅਤੇ ਸੁਆਸਿ ਸੁਆਸਿ ਨਾਮ ਅਭਿਆਸ ਰੂਪੀ ਅੰਮ੍ਰਿਤ ਪੀਵੰਦੇ ਰਹਿੰਦੇ ਹਨ ਅਤੇ ਇਸ ਬਿਧਿ ਦੰਮ ਬਦੰਮ ਅੰਮ੍ਰਿਤ ਪਿਆਲੇ ਪੀ ਪੀ ਕੇ ਸਦਾ ਸਦਾ ਅੰਮ੍ਰਿਤ ਕਲਾ ਅੰਦਰਿ ਅਸਥਿਰ ਥੀਵੰਦੇ ਹਨ। ਤਿਨਾਂ ਕੇਵਲ ਤਿਨਾਂ ਨਾਮ ਮਹਾਂ ਰਸ ਦੇ ਰਸੀਆਂ ਨੇ ਹੀ ਬਿਖੇ ਰਸਾਂ ਨੂੰ ਮਨ ਬਚ ਕਰਮ ਕਰਕੇ ਫਿੱਕਾ ਜਾਣਿਆ ਹੈ ਅਤੇ ਫਿੱਕਾ ਜਾਣ ਕੇ ਹੀ ਤਿਨਾਂ ਦਾ ਤਿਆਗਨ ਕੀਤਾ ਹੈ। ਉਹ ਕਦੇ ਭੀ ਬਿਖੇ ਰਸਾਂ ਵਿਖੇ ਲਿਪਾਇਮਾਨ ਨਹੀਂ ਹੋ ਸਕਦੇ। ਉਹ ਹਰਦੰਮ ਮਗਨਾਨੰਦ ਰਹਿੰਦੇ ਹੋਏ ਨਾਮ ਰਤਨ ਨੂੰ ਮਨ ਅੰਦਰ ਸੀਵੀਂ ਪ੍ਰੋਈ ਰਖਦੇ ਹਨ, ਉਹਨਾਂ ਨੂੰ ਬਿਖੇ ਰਸਾਂ ਵਲ ਰੁਚੀ ਕਰਨ ਦਾ ਵੇਹਲ ਹੀ ਨਹੀਂ ਮਿਲਦਾ। ਪ੍ਰਾਨ ਪਿਆਰਾ ਪ੍ਰਾਨ ਅਧਾਰਾ ਅਮੀ ਰਸ ਰੀਸਾਲੂ ਨਾਮ ਉਹਨਾਂ ਨੂੰ ਇਕ ਤਿਲ ਮਾਤਰ ਭੀ ਵਿਹਲ ਨਹੀਂ ਹੋਣ ਦਿੰਦਾ, ਉਹਨਾਂ ਦਾ ਜੀਵਨ ਅਧਾਰ ਹੀ ਨਾਮ ਅਭਿਆਸ ਹੋ ਜਾਂਦਾ ਹੈ, ਤਾਂ ਤੇ ਉਹ ਸਦਾ ਨਾਮ ਜਪ ਕੇ ਹੀ ਜੀਵੰਦੇ ਹਨ। ਯਥਾ ਗੁਰ-ਵਾਕ:-"ਸੁੰਦਰ ਸੁਆਮੀ ਧਾਮ ਭਗਤਹ ਬਿਸ੍ਰਾਮ ਆਸਾ

ਲਗਿ ਜੀਵਤੇ ਜੀਉ ॥ ਮਨ ਤਨੋ ਗਲਤਾਨ ਸਿਮ-
ਰਤ ਹਰਿ ਨਾਮੁ ਹਰਿ ਅੰਮ੍ਰਿਤ ਪੀਵਤੇ ਜੀਉ ॥
ਅੰਮ੍ਰਿਤ ਹਰਿ ਪੀਵਤੇ ਸਦਾ ਥਿਰ ਥੀਵਤੇ ਬਿਖੈ
ਬਨ ਫੀਕਾ ਜਾਨਿਆ । ਭਏ ਕਿਰਪਾਲ ਗੋਪਾਲ
ਪ੍ਰਭ ਮੇਰੇ ਸਾਧ ਸੰਗਤਿ ਨਿਧ ਮਾਨਿਆ ॥ ਸਰਬਸੋ
ਸੂਖ ਆਨੰਦ ਘਨ ਪਿਆਰੇ ਹਰਿ ਰਤਨੁ ਮਨ
ਅੰਤਰਿ ਸੀਵਤੇ ॥ ਇਕੁ ਤਿਲੁ ਨਹੀਂ ਵੀਸਰੈ ਨਾਮ
ਅਧਾਰਾ ਜਪਿ ਨਾਨਕ ਜੀਵਤੇ ॥"

ਐਸੇ ਅਮੋਲਕ ਨਾਮ ਰਤਨ ਨੂੰ ਕੇਵਲ ਉਹੀ ਜੀਵ ਤਿਆਗਦੇ ਹਨ, ਜਿਨ੍ਹਾਂ ਦੀ ਪਰਬਲ ਮਨੋ ਰੁਚੀ ਬਿਖੇ ਰਸੀ ਮਾਇਕ ਪਦਾਰਥਾਂ ਵਲ ਹੁੰਦੀ ਹੈ। ਜਿਨ੍ਹਾਂ ਬਿਖੇ ਪਦਾਰਥਾਂ ਦਾ ਇਸ ਨਾਮ ਰਤਨ ਦੇ ਮੁਕਾਬਲੇ ਇਕ ਕਉਡੀ ਜਿੰਨਾ ਮੁਲ ਭੀ ਨਹੀਂ ਹੁੰਦਾ। ਜਿਸ ਨਾਮ ਨੇ ਸਦਾ ਐਥੇ ਓਥੇ ਲੋਕ ਪ੍ਰਲੋਕ ਵਿਖੇ ਸਹਾਈ ਹੋਣਾ ਹੈ ਅਤੇ ਨਾਲਿ ਹੀ ਜਾਣਾ ਹੈ, ਉਸ ਰਤਨ ਵਥ ਨੂੰ ਤਾਂ ਉਹ ਬਪੁੜੇ ਜੰਤ ਵਿਹਾਂਜਦੇ ਨਹੀਂ। ਜਿਨ੍ਹਾਂ ਬਿਖ ਪਦਾਰਥਾਂ ਨੂੰ ਐਥੇ ਹੀ ਛਡ ਜਾਣਾ ਹੈ ਅਤੇ ਜਿਨ੍ਹਾਂ ਪਦਾਰਥਾਂ ਨੇ ਇਕ ਵਿਖ ਅਗੇ ਨਹੀਂ ਜਾਣਾ ਐਥੇ ਦਾ ਐਥੇ ਹੀ ਰਹਿ ਜਾਣਾ ਹੈ, ਤਿਨਾਂ ਹਿਤ ਦਿਨ ਪ੍ਰਤਿ ਹੀ ਤਿਨਾਂ ਦੀ ਲੋਭ ਲਾਲਸਾ ਲੱਗੀ ਰਹਿੰਦੀ ਹੈ। ਦਿਨ ਰਾਤ ਬਿਖੇ ਪਦਾਰਥਾਂ ਦੇ ਸੰਚਨ ਦਾ ਪ੍ਰੀਸ਼ਰਮ ਯਤਨ ਕਰਨ ਵਾਲਿਆਂ ਤੋਂ ਵਧ ਕੇ ਹੋਛੀ ਮਤ ਵਾਲੇ ਹੋਰ

ਕਉਣ ਹੋ ਸਕਦੇ ਹਨ। ਹੋਛੀ ਮਤ ਵਾਲੇ ਸੋਈ ਸੌਚਦੇ ਸਹੇੜਦੇ ਹਨ ਜੋ ਹੋਛੀ ਗੱਲ ਹੁੰਦੀ ਹੈ, ਕਿਉਂਕਿ "ਨਾਮ ਬਿਨਾ ਸਭ ਕੂੜਿ ਗਾਲੀ ਹੋਛੀਆ" ਮਾਇਆ ਮੋਹੇ ਮੱਤੇ ਹੋਏ ਪੁਰਸ਼ ਕਦੇ ਭੀ ਗੁਰਮਤਿ ਨਾਮ ਸੁਮਾਰਗੀ ਸਿਧੇ ਰਸਤੇ ਨਹੀਂ ਪੈਂਦੇ, ਨਾਮ ਤੋਂ ਬੇਮੁਖ ਹੀ ਰਹਿੰਦੇ ਹਨ ਅਤੇ ਟੇਢੇ ਹੀ ਜਾਂਦੇ ਹਨ, ਓਹਨਾਂ ਅਭਾਗੇ ਜੰਤਾਂ ਨੂੰ ਜ਼ਰਾ ਭਰ ਭੀ ਆਪਣੀ ਏਸ ਟੇਢ ਮਤੀ ਦੀ ਲਾਜ ਹਿਆ ਨਹੀਂ ਆਉਂਦੀ ਤੇ ਸੁਖਾਂ ਦੇ ਸਾਗਰ ਪੂਰਨ ਪਰਮੇਸ਼ਰ ਪਰਮਾਤਮਾ ਦੇ ਅੰਮ੍ਰਿਤ ਨਾਮ ਨੂੰ ਕਉੜੇ ਮੂਲ ਵਾਲੀ ਬਿਖੇ ਬਾਸ਼ਨਾ ਦੀ ਖਾਤਰ ਵਿਸਾਰ ਦਿੰਦੇ ਹਨ, ਤਿਨਾਂ ਨੂੰ ਸਚ ਮੁਚ ਅੰਮ੍ਰਿਤ ਕਉੜਾ ਲਗਦਾ ਹੈ ਅਤੇ ਬਿਖਿਆ ਮੀਠੀ ਲਗਦੀ ਹੈ। ਇਹ ਦਸ਼ਾ ਕੋਰੇ ਸਾਕਤਾਂ ਵਾਲੀ ਹੈ। ਅਜੇਹੇ ਸਾਕਤਾਂ ਤੋਂ ਵਧ ਕੇ ਗਿਰੇ ਹੋਏ ਪਤਿਤ ਪੁਰਸ਼ ਹੋਰ ਕਉਣ ਹੋ ਸਕਦੇ ਹਨ। ਇਸ ਡਿਗਣ ਵਿਚ ਡਿਗਾ ਹੋਇਆ ਸਾਰਾ ਸੰਸਾਰ ਸਾਕਤਾਂ ਤੇ ਪਤਿਤਾਂ ਦਾ ਹੈ। ਜਦ ਇਸ ਦਸ਼ਾ ਵਿਚ ਗਰਤ ਹੋਏ ਸਿਖ ਭੀ ਪਤਿਤਾਂ ਦੀ ਸ਼ਰੇਣੀ ਵਿਚ ਮਿਲ ਜਾਂਦੇ ਹਨ, ਫੇਰ ਉਹਨਾਂ ਵਿਚ ਆਮ ਸੰਸਾਰੀਆਂ ਨਾਲੋਂ ਵਾਧਾ ਕੀ ? ਮਹਿਜ਼ ਅੰਮ੍ਰਿਤ ਛਕਣ ਦੀ ਡੀਂਗ ਮਾਰਨਾ ਅਤੇ ਆਪਣਾ ਅੰਮ੍ਰਿਤ ਜੀਵਨ ਨਾ ਨਿਹਾਰਨਾ ਕੀ ਨਿਘਾਸ ਰਖ ਸਕਦਾ ਹੈ ? ਆਪਣੀ ਪਤਿਤ ਕਰਮੀ ਕਰਤੂਤ ਉਤੇ ਪੋਚਾ ਪਾਉਣ ਲਈ ਐਸੇ ਕਪਟ ਸਨੇਹੀ ਪੁਰਸ਼ ਅੰਮ੍ਰਿਤ

ਦਾ ਮਹਿਜ਼ ਇਕ ਵਹੋੜਾ ਹੀ ਲੈਂਦੇ ਹਨ ਕਿ ਨਿਲੱਜ ਹੋ ਕੇ ਪਤਿਤ ਕਰਮ ਕਮਾਈ ਜਾਈਏ। ਐਵੇਂ ਕੂੜ ਕਪਟ ਭਰੀਆਂ ਮਨ ਮਤਸਰੀ ਗੱਲਾਂ ਕਰਿ ਕਰਿ ਉਹ ਆਪਣੇ ਆਪ ਨੂੰ ਪਰਚਾਉਂਦੇ ਅਤੇ ਹੋਰਨਾਂ ਨੂੰ ਰੀਝਾਉਂਦੇ ਹਨ। ਅੰਦਰੋਂ ਬੋਥੇ ਚਣੇ ਹੀ ਹੁੰਦੇ ਹਨ। ਨਾਮ ਜੋ ਅੰਮ੍ਰਿਤ ਰੂਪ ਹੈ, ਨਾਮ ਜੋ ਅੰਮ੍ਰਿਤ ਹੈ, ਇਸ ਨਾਮ ਦੀ ਗੱਲ ਦੇ ਨੇੜੇ ਹੀ ਨਹੀਂ ਜਾਂਦੇ ਨਾ ਹੀ ਉਹਨਾਂ ਦਾ ਨਾਮ ਉਤੇ ਏਤਕਾਦ ਹੈ, ਅੰਮ੍ਰਿਤ ਅੰਮ੍ਰਿਤ ਜੋ ਉਹ ਕੂਕਦੇ ਹਨ, ਐਵੇਂ ਏਹ ਉਹਨਾਂ ਦੀ ਕਥਨੀ ਬਦਨੀ ਹੀ ਹੁੰਦੀ ਹੈ। ਇਸ ਕਥਨੀ ਬਦਨੀ ਦੇ ਬਹਾਨੇ ਉਹ ਆਪਣੇ ਆਪ ਨੂੰ ਲੋਕਾਂ ਪ੍ਰਤੀ ਬ੍ਰਹਮ ਗਿਆਨੀ ਪਰਸਿੱਧ ਕਰਿਆ ਲੋੜਦੇ ਹਨ, ਅਤੇ ਪਰਚਾਰ ਕਰਦੇ ਹਨ ਕਿ ਅੰਮ੍ਰਿਤ ਛਕਿਆ ਇਕੋ ਵਾਰ ਹੀ ਪਰ-ਵਾਨ ਹੈ। ਦੂਜੀ ਵਾਰ ਅੰਮ੍ਰਿਤ ਛਕਣ ਵਿਚ ਅੰਮ੍ਰਿਤ ਦੀ ਮਹੱਤਤਾ ਹੀ ਜਾਂਦੀ ਰਹਿੰਦੀ ਹੈ। ਚਾਹੇ ਕਿਤਨੇ ਹੀ ਪਤਿਤ ਕਰਮ ਕਰੀ ਜਾਓ, ਅੰਮ੍ਰਿਤੁ ਅੰਮ੍ਰਿਤੁ ਰਹਿੰਦਾ ਹੈ, ਕਦੇ ਅਨ-ਅੰਮ੍ਰਿਤ ਨਹੀਂ ਹੁੰਦਾ। ਇਸ ਬਿਧ ਉਹਨਾਂ ਦਾ ਪਰਚਾਰਨਾ ਮਹਿਜ਼ ਉਹਨਾਂ ਦਾ ਪਰਚ ਪਰਚਾਵਾ ਹੀ ਹੈ। ਗੁਰਮਤਿ ਬਿਬਰਜਤ ਪਤਿਤ ਕਰਮਾਂ ਦੀ ਉਹ ਇਸ ਪ੍ਰਕਾਰ ਪੁਸ਼ਟੀ ਕਰਦੇ ਹਨ। ਜੋ ਸ਼ਖਸ ਏਹ ਸਮਝਦੇ ਸਮਝਾਉਂਦੇ ਹਨ ਕਿ ਬਾਰ ਬਾਰ ਅੰਮ੍ਰਿਤ ਛਕਣ ਦੀ ਲੋੜ ਨਹੀਂ ਉਹ ਲੋਗ ਬਾਰ ਬਾਰ ਅੰਮ੍ਰਿਤ ਨੂੰ ਜਪਣਾ ਭੀ

ਬੇਲੋੜਾ ਹੀ ਸਮਝਦੇ ਹਨ।

ਅੰਮ੍ਰਿਤ ਦੀ ਸਾਰ ਕੌਣ ਜਾਣਦਾ ਹੈ ?

ਸਚ ਮੁਚ ਅਜੇਹੇ ਪੁਰਸ਼ਾਂ ਨੂੰ ਨਾਮ ਦੀ ਗਲ ਸੁਣਦਿਆਂ ਹੀ ਕਉੜੀ ਲਗਦੀ ਹੈ, ਉਹਨਾਂ ਪ੍ਰਥਾਇ ਏਹ ਗੁਰਵਾਕ ਪੂਰਾ ਪੂਰਾ ਫਬਦਾ ਹੈ। ਯਥਾ:—

"ਰਾਮਕਲੀ ਮਹਲਾ ੫ ॥ ਕਉਡੀ ਬਦਲੈ ਤਿਆਗੈ ਰਤਨੁ ॥ ਛੋਡਿ ਜਾਇ ਤਾਹੂ ਕਾ ਜਤਨ ॥ ਸੋ ਸੰਚੈ ਜੋ ਹੋਛੀ ਬਾਤ ॥ ਮਾਇਆ ਮੋਹਿਆ ਟੇਢਉ ਜਾਤ ॥ ੧ ॥ ਅਭਾਗੇ ਤੈ ਲਾਜ ਨਾਹੀ ॥ ਸੁਖ ਸਾਗਰ ਪੂਰਨ ਪਰਮੇਸੁਰ ਹਰਿ ਨਾ ਚੇਤਿਓ ਮਨ ਮਾਹੀ ॥੧॥ਰਹਾਉ ॥ ਅੰਮ੍ਰਿਤ ਕਉਰਾ ਬਿਖਿਆ ਮੀਠੀ ॥ ਸਾਕਤ ਕੀ ਬਿਧਿ ਨੈਨਹੁ ਡੀਠੀ ॥ ਕੂੜਿ ਕਪਟਿ ਅਹੰਕਾਰਿ ਰੀਝਾਨਾ ॥ ਨਾਮੁ ਸੁਨਤ ਜਨ ਬਿਛੂਅ ਡਸਾਨਾ ॥ ੨ ॥ ਮਾਇਆ ਕਾਰਨਿ ਸਦ ਹੀ ਝੂਰੈ ॥ ਮਨਿ ਮੁਖਿ ਕਬਹਿ ਨ ਉਸਤਤਿ ਕਰੈ ॥ ਨਿਰਭਉ ਨਿਰੰਕਾਰੁ ਦਾਤਾਰੁ ॥ ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ ॥ ੩ ॥ ਸਭ ਸਾਹਾ ਸਿਰ ਸਾਚਾ ਸਾਹੁ ॥ ਵੇਪਰਵਾਹੁ ਪੂਰਾ ਪਾਤਸਾਹੁ ॥ ਮੋਹ ਮਗਨ ਲਪਟਿਓ ਭ੍ਰਮ ਗਿਰਹ ॥ ਨਾਨਕ ਤਰੀਐ ਤੇਰੀ ਮੇਹਰ ॥ ੫੪ ॥ ੨੧ ॥ ੩੧ ॥

ਅੰਮ੍ਰਿਤ ਦੀ ਸਾਰ ਅੰਮ੍ਰਿਤ ਦੇ ਸਚੇ ਵਾਪਾਰੀ ਯਾ ਸਚੇ ਅੰਮ੍ਰਿਤਧਾਰੀ ਸਿੰਘ ਸੁਜਾਨ ਹੀ ਜਾਣਦੇ ਹਨ। ਅੰਮ੍ਰਿਤ ਨਾਮ ਦੇ ਸਚੇ ਵਣਜਾਰੇ ਅੰਮ੍ਰਿਤ ਛਕਕੇ ਭੀ ਅੰਮ੍ਰਿਤ ਨਾਮ ਦੀਆਂ ਅਤੁਟ ਅਭਿਆਸ ਕਮਾਈਆਂ ਕਰਦੇ ਰਹਿੰਦੇ ਹਨ। ਸੱਚੜੀ ਵੇਦਨ ਵਾਲੇ ਗੁਰਸਿਖ ਦੀ ਸੱਚ ਮੁਚ ਹੀ ਏਹ ਦਸ਼ਾ ਹੋ ਜਾਂਦੀ ਹੈ ਕਿ ਓਹ ਅੰਮ੍ਰਿਤ ਨਾਮ ਦੀਆਂ ਕਮਾਈਆਂ ਕਰਨ ਖਾਤਰ ਤਕੜਾ ਹੋਕੇ ਕਮਰ ਕਸੇ ਕਰਦਾ ਹੈ ਕਿ ਦਿਨ ਰਾਤ ਜਾਗਦਾ ਹੀ ਰਹਿੰਦਾ ਹੈ ਅਤੇ ਨਿਮਖ ਮਾਤਰ ਭੀ ਨਹੀਂ ਸਉਂਦਾ, ਸਾਵਧਾਨ ਹੋ ਕੇ ਨਾਮ ਜਪਣ ਵਿਚ ਹੀ ਨਿਸਬਾਸਰ ਜੁਟਿਆ ਰਹਿੰਦਾ ਹੈ। ਇਸ ਦਿਨ ਰਾਤ ਜਾਗਣ ਵਾਲੀ ਅਤੇ ਜਾਗ ਕੇ ਨਾਮ ਜਪਣ ਵਾਲੀ ਤਤ ਸਾਰ ਕਠਨ ਕਮਾਈ ਵਾਲੀ ਹੁਕਮ ਰਜ਼ਾਈ ਵਾਲੀ ਰਮਜ਼ ਨੂੰ ਸੋਈ ਸਮਝਦਾ ਹੈ, ਜਿਸਦੇ ਅੰਦਰ ਨਾਮ ਅਭਿਆਸ ਕਮਾਈ ਕਰਨ ਵਾਲੀ ਸਚੜੀ ਵੇਦਨ (ਲਿੱਲ) ਲਗੀ ਹੋਈ ਹੋਵੇ। ਉਸ ਦੇ ਰਿਦੇ ਭੀਤਰ ਪ੍ਰੇਮ ਦੇ ਬਾਣ ਅਜੇਹੇ ਗਹਿ ਕਰਿ ਗਡ ਕੇ ਲਗੇ ਹੋਏ ਹੁੰਦੇ ਹਨ ਕਿ 'ਉਹ ਅਹਿਨਿਸਿ ਨਾਮ ਅਭਿਆਸ ਕਮਾਈਆਂ ਦਾ ਬਾਵਰਾ ਹੀ ਬਣਿਆ ਰਹਿੰਦਾ ਹੈ। ਸੰਸਾਰੀ ਸਿਆਣੇ ਵੈਦ ਉਸਦਾ ਮਰਮ ਕੀ ਜਾਣ ਸਕਦੇ ਹਨ। ਸੱਚੀ ਦਰਗਾਹ ਦੀ ਇਹ ਸੱਚੀ ਖੇਡ ਨਦਰੀ ਨਦਰ ਨਿਹਾਲ ਵਾਹਿਗੁਰੂ ਦੀ ਅਪਾਰ ਨਦਰ ਮੇਹਰ ਕਰਿ ਹੀ ਬਣਿ ਆਉਂਦੀ

ਹੈ। ਜਿਸ ਨਦਰ ਪਾਤਰੁ ਗੁਰਸਿਖ ਜਨ ਨੂੰ ਸੱਚਾ ਨਦਰਾਲੂ ਪੁਰਖ ਗੁਰੂ ਕਰਤਾਰ ਆਪਣੀ ਅਪਾਰ ਕਿਰਪਾ ਕਰਿ ਨਾਮ ਅਭਿਆਸ ਕਮਾਈ ਰੂਪੀ ਸੱਚੀ ਸਿਫਤ ਸਾਲਾਹ ਵਿਖੇ ਆਪਿ ਲਾਇ ਲੈਂਦਾ ਹੈ, ਸੋਈ ਗੁਰਮੁਖ ਕੋਈ ਵਿਰਲਾ ਜਨ ਹੀ ਇਸ ਪਾਸੇ ਲਗਦਾ ਹੈ ਅਤੇ ਸੋਈ ਇਸ ਸਚੜੀ ਰਮਜ਼ ਇਲਾਹੀ ਨੂੰ ਬੁਝਦਾ ਲਖਦਾ ਹੈ। ਉਸੇ ਨੂੰ ਇਸ ਸਿਫਤ ਸਾਲਾਹ ਦੁਆਰਾ ਅੰਮ੍ਰਿਤ ਦਾ ਸੱਚਾ ਗਟਕਾ ਰਸੁ ਆਉਂਦਾ ਹੈ। ਹਾਂ ਠੀਕ! ਅੰਮ੍ਰਿਤ ਦੀ ਸਾਰ ਸੋਈ ਜਾਣਦਾ ਹੈ ਜੋ ਅੰਮ੍ਰਿਤ ਵਥ ਦਾ ਤਤ ਵਾਪਾਰੀ ਹੋਵੇ। ਏਹ ਸਭ ਪ੍ਰੇਮ ਦੀ ਸਚੜੇ ਪ੍ਰੇਮ ਦੀ ਖੇਡ ਹੈ। ਪ੍ਰੇਮ ਪਿੜ ਦੀ ਸੱਚੀ ਪ੍ਰੇਮ ਖਿਡਾਰਨ ਪ੍ਰੀਤਿ ਸੁਹਾਗਨ ਜਗਿਆਸੂ ਇਸਤ੍ਰੀ ਪਿਰੀ ਪ੍ਰਮਾਤਮਾ ਸੇਤੀ ਪ੍ਰੇਮ ਲਾਉਣ ਪ੍ਰੇਮ ਰਚਾਉਣ ਲਈ ਗੁਰ ਸ਼ਬਦ ਅਭਿਆਸ ਕਮਾਈ ਦਾ ਉਪਰ ਦਰਸਾਇਆ ਸਚੜਾ ਸ਼ਬਦ ਸੀਗਾਰ ਬਣਾਉਂਦੀ ਹੈ। ਇਸ ਸਚੜੇ ਪਿਆਰ ਪਰਚਾਉ ਦੇ ਪ੍ਰਤਾਪ ਕਰਿ ਪ੍ਰਿਆ ਸੋਹਾਗ ਜਗਿ-ਆਸਨ ਸਹਜ ਬਵਸਥਾ ਨੂੰ ਪ੍ਰਾਪਤ ਹੋ ਕੇ ਖਰੀ ਸੁਹੇਲੀ ਹੋ ਜਾਂਦੀ ਹੈ। ਉਸ ਦੀਆਂ ਬਿਖੇ ਰਸ ਵਾਲੀਆਂ ਸਾਰੀਆਂ ਤ੍ਰਿਖਾ ਤ੍ਰਿਸ਼ਨਾਵਾਂ ਸੁਤੇ ਹੀ ਨਿਵਾਰਨ ਹੋ ਜਾਂਦੀਆਂ ਹਨ, ਜੀਉ ਮਲੀਨ ਕਰਨ ਹਾਰੇ ਉਸ ਦੇ ਸਾਰੇ ਸਹਿਸੇ (ਸੰਸੇ) ਦੂਰ ਹੋ ਜਾਂਦੇ ਹਨ ਅਤੇ ਭਰਮ ਸਭ ਚਕਨਾ ਚੂਰ ਹੋ ਜਾਂਦੇ ਹਨ। ਸਿਫਤਿ ਸਾਲਾਹ ਰੂਪੀ ਲਿਵ ਡੋਰੀ ਦੀਆਂ ਪ੍ਰੇਮ

ਤਣਾਵਾਂ ਕਸਿ ਕਸਿ ਓਹ ਸਹਿਜੇ ਹੀ ਸੁਆਸ ਅਭਿਆਸੀ ਧਨਖ ਨੂੰ ਦਸਮ ਦੁਆਰ ਵਿਖੇ ਲਿਜਾਇ ਚੜ੍ਹਾਉਂਦੀ ਹੈ, ਇਸ ਬਿਧਿ ਗੁਰ ਸ਼ਬਦ (ਗੁਰਮੰਤ੍ਰ) ਦੀ ਕੀਤੀ ਕਮਾਈ ਦੁਆਰਾ ਮਨ ਮਾਰਕੇ ਉਹ ਅਫੁਰ ਮਰਜੀਵੜੀ ਸੁੰਦਰ ਜੋਗਾਧਾਰਨ ਬਣਿ ਜਾਂਦੀ ਹੈ ਤੇ ਅਸਲ ਗੁਰਮਤਿ ਗ੍ਰਿਸਤ ਉਦਾਸ ਸੰਨਿਆਸ ਪਦ ਨੂੰ ਪ੍ਰਾਪਤ ਹੋ ਜਾਂਦੀ ਹੈ। ਇਸ ਪਦ ਨੂੰ ਪ੍ਰਾਪਤ ਹੋਕੇ ਭੀ ਸਤਿ ਜੋਤਿ ਅਕਣਖਣੀ ਸਿਫਤਿ ਸਾਲਾਹ ਰੂਪੀ ਨਾਮ ਅਭਿਆਸ ਉਸਦਾ ਬਣਿਆ ਰਹਿੰਦਾ ਹੈ। ਅਖੰਡਾਕਾਰ ਇਕ ਰਸ ਟਿਕੀ ਹੋਈ ਸੁਰਤ ਵਿਖੇ ਆਨ ਸੰਕਲਪ ਫੁਰਨਾ ਬਿਨਾਂ ਨਾਮ ਤੇ ਉੱਕਾ ਰਹਿੰਦਾ ਹੀ ਨਹੀਂ। ਉਥੇ ਡਿਗਣਾ ਡੋਲਣਾ ਹੀ ਅਸੰਭਵ ਹੋ ਜਾਂਦਾ ਹੈ।

ਨਾਮ ਤੋਂ ਬੇ-ਮੁਖ ਹੋਣ ਦਾ ਨਤੀਜਾ

"ਅਹਿਨਿਸ ਜਾਗੈ ਨੀਂਦ ਨ ਸੋਵੈ ॥ ਸੋ ਜਾਣੈ ਜਿਸ ਵੇਦਨ ਹੋਵੈ। ਪ੍ਰੇਮ ਕੇ ਬਾਣ ਲਗੇ ਤਨ ਭੀਤਰਿ ਵੈਦ ਕਿ ਜਾਣੈ ਕਾਰੀ ਜੀਉ ॥ ੧ ॥ ਜਿਸਨੋ ਸਾਚਾ ਸਿਫਤੀ ਲਾਇ॥ ਗੁਰਮੁਖਿ ਵਿਰਲੇ ਕਿਸੈ ਬੁਝਾਏ ॥ ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥੧॥ ਰਹਾਉ ॥ ਪਿਰ ਸੇਤੀ ਧਨ ਪ੍ਰੇਮੁ ਰਚਾਏ ॥ ਗੁਰ ਕੈ ਸਬਦਿ ਸਦਾ ਚਿਤ ਲਾਏ॥ ਸਹਜ ਸੇਤੀ ਧਨ ਖਰੀ ਸੁਹੇਲੀ

ਤ੍ਰਿਸਨਾ ਤ੍ਰਿਖਾ ਨਿਵਾਰੀ ਜੀਉ ॥ ੨ ॥ ਸਹਸਾ ਤੋੜੇ ਭਰਮੁ ਚੁਕਾਏ ॥ ਸਹਜੇ ਸਿਫਤੀ ਧਣਖ ਚੜਾਏ ॥ ਗੁਰ ਕੈ ਸਬਦਿ ਮਰੇ ਮਨੁ ਮਾਰੈ ਸੁੰਦਰ ਜੋਗਾਧਾਰੀ ਜੀਉ ॥ ੩ ॥

ਇਸ ਤੋਂ ਉਲਟ ਹਉਮੈ ਜਲਿਆਂ ਨਾਮ ਤੋਂ ਬੇਮੁਖਾਂ ਦੀ ਅਧੋਗਤੀ ਵਾਲੀ ਦਸ਼ਾ ਦਾ ਵਰਣਨ ਇਸੇ ਗੁਰਵਾਕ ਦੀਆਂ ਪਿਛਲੀਆਂ ਏਹਨਾਂ ਤਿੰਨਾਂ ਪੰਗਤੀਆਂ ਵਿਚ ਕੀਤਾ ਹੋਇਆ ਹੈ। ਯਥਾ:—

"ਹਉਮੈ ਜਲਿਆ ਮਨਹੁ ਵਿਸਾਰੇ ॥ ਜਮਪੁਰਿ ਵਜਹਿ ਖੜਗ ਕਰਾਰੇ ॥ ਅਬਕੇ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥ ੪ ॥ ਮਾਇਆ ਮਮਤਾ ਪਵਹਿ ਖਿਆਲੀ ॥ ਜਮ ਪੁਰੀ ਫਾਸਿਹਿੰਗਾ ਜਮ ਜਾਲੀ ॥ ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ ॥ ੫ ॥ ਨਾ ਹਉ ਕਰਤਾ ਨਾ ਹਉ ਕੀਆ ਅੰਮ੍ਰਿਤੁ ਨਾਮੁ ਸਤਿਗੁਰ ਦੀਆ ॥ ਜਿਸ ਤੂੰ ਦੇਹਿ ਤਿਸੈ ਕਿਆ ਚਾਰਾ ਨਾਨਕ ਸਰਣਿ ਤੁਹਾਰੀ ਜੀਉ ॥ ੬ ॥

ਏਹਨਾਂ ਪੰਗਤੀਆਂ ਅੰਦਰ ਗੁਰੂ ਸਾਹਿਬ ਦਾ ਦਰਸਾਇਆ ਅਭਿਪਰਾ ਏਹ ਹੈ ਕਿ ਜੋ ਪ੍ਰਾਨੀ ਤ੍ਰਿਸ਼ਨਾ ਮਾਇਆ ਬਿਖੇ-ਰਸਾਂ ਦੀ ਦਲਣ ਵਿਚ ਗਡੇ ਪਏ ਹਨ ਅਤੇ ਹਉਮੈ ਦੀ ਬੜਵਾਨਲ ਅਗਨੀ ਨਾਲ ਜਲੇ ਝੁਲਸੇ

ਹੋਏ ਹਨ, ਓਹਨਾਂ ਨੇ ਉੱਕਾ ਹੀ ਨਾਮ ਨੂੰ ਮਨਹੁ ਵਿਸਾਰ ਦਿੱਤਾ ਹੈ। ਓਹਨਾਂ ਦੇ ਸਿਰ ਵਿਚ ਜਮ ਪੁਰਿ ਗਇਆਂ ਜਮ-ਗਣਾਂ ਦੇ ਖੜਗ ਕਰਾਰੇ ਕਰਾਰੇ ਵਜਣਗੇ। ਫੇਰ ਓਥੇ ਇਸ ਵੇਰੀ ਆਣ ਫਾਥੇ ਜੀਉ ਦੇ ਬਿਲਲਾਉਣ ਤੇ ਭੀ ਨਾਮੁ ਨਹੀਂ ਮਿਲਦਾ। ਫੇਰ ਤਾਂ ਸਿਰ ਤੇ ਬਣੀ ਭਾਰੀ ਮੁਸੀਬਤ ਸਹਿਣੀ ਹੀ ਪਵੇਗੀ। ਹੇ! ਮਾਇਆ ਮਮਤਾ ਦੀਆਂ ਆਲੂਦਾ ਖਿਆਲੀਆਂ ਵਿਚ ਗੁਸੇ ਹੋਏ ਜੀਵ! ਤੂੰ ਜਮ ਪੁਰੀ ਵਿਚ ਜਾ ਕੇ ਜਮਾਂ ਵਾਲੀ ਔਖੀ ਥਾਂ ਜ਼ਰੂਰ ਫਸੇਂਗਾ। ਹੁਣ ਤੂੰ ਇਸ ਮਨੁੱਖਾ ਜਨਮ ਵਿਚ ਕੂੜਾਵੇ ਹਿਤ ਮਮਤਾ ਜਾਲ ਦੇ ਬੰਧਨ ਤੋੜ ਨਹੀਂ ਸਕਦਾ ਅਤੇ ਨਾਮ ਨਹੀਂ ਜਪਦਾ, ਇਸ ਦਾ ਅਵੱਸ਼ ਇਹੋ ਨਤੀਜਾ ਨਿਕਲਣਾ ਹੈ ਕਿ ਅਗੇ ਨੂੰ ਜਮੁ ਜ਼ਰੂਰ ਖੁਆਰ ਕਰੇਗਾ। ਆਪੇ ਨਾਮ ਨਾ ਕਿਸੇ ਨੂੰ ਮਿਲਿਆ ਹੈ ਤੇ ਨਾ ਮਿਲੇਗਾ। ਇਹ ਅੰਮ੍ਰਿਤ ਨਾਮ ਤਾਂ ਸਤਿਗੁਰੂ ਦੇ ਦੁਆਰਿਓਂ ਹੀ ਮਰਯਾਦਾ ਸਹਿਤ ਮਿਲਦਾ ਹੈ। ਜਿਸ ਨੂੰ ਅਵੱਸ਼ ਇਹ ਨਾਮ ਮਿਲਣਾ ਹੈ ਉਸ ਨੂੰ ਮਿਲਕੇ ਹੀ ਰਹਿਣਾ ਹੈ ਤਾਂਤੇ ਜਗਿਆਸੂ ਜਨ ਨੂੰ ਏਹੋ ਹੀ ਯੋਗ ਹੈ ਕਿ ਗੁਰੂ ਕਰਤਾਰ ਪ੍ਰਾਇਣ ਹੋਵੇ, ਉਸ ਦੀ ਸਰਣ ਪੈ ਰਹੇ ਤੇ ਉਸ ਦੇ ਦੁਆਰੇ ਤੇ ਢਹਿ ਰਹੇ।

ਅੰਮ੍ਰਿਤ ਕਿਸ ਨੂੰ ਤੇ ਕਿਵੇਂ ਮਿਲਦਾ ਹੈ ?

ਇਹ ਅੰਮ੍ਰਿਤ ਨਾਮ ਜਿਸ ਨੂੰ ਮਿਲਿਆ ਹੈ ਅਤੇ

ਜਿਸ ਨੇ ਇਸ ਦੀ ਅਭਿਆਸ ਕਮਾਈ ਕੀਤੀ ਹੈ, ਉਸੇ ਵਡਭਾਗੀ ਗੁਰਮੁਖ ਜਨ ਨੂੰ ਇਸ ਦਾ ਅਗਾਧ ਸੁਆਦ ਆਇਆ ਹੈ, ਇਸ ਸੁਆਦ ਦੇ ਮੁਕਾਬਲੇ ਵਿਚ ਉਸ ਨੂੰ ਹੋਰਸ ਰਸਾਂ ਕਸਾਂ ਦੇ ਸੁਆਦ ਸਭ ਫਿਕੇ ਪ੍ਰਤੀਤ ਹੋਏ ਹਨ। ਉਹ ਉਹਨਾਂ ਬਿਖੇ-ਰਸ ਸੁਆਦਾਂ ਵਿਚ ਲਗਦੇ ਹੀ ਨਹੀਂ, ਜਿਸ ਜਿਸ ਜਨ ਨੇ ਇਸ ਅੰਮ੍ਰਿਤ ਨਾਮ ਮਹਾਂ ਰਸ ਨੂੰ ਪੀਤਾ ਹੈ, ਸੋ ਅਮਰ ਹੋ ਗਿਆ ਹੈ ਅਤੇ ਪੀ ਪੀ ਕੇ ਤ੍ਰਿਪਤ ਹੋ ਗਿਆ ਹੈ। ਪ੍ਰੰਤੂ ਇਹ ਅੰਮ੍ਰਿਤ ਨਾਮ ਨਿਧਾਨ ਗੁਰੂ ਘਰ ਵਿਖੇ ਗੁਰਮੰਤ੍ਰ ਮਿਲਣ ਕਰਿ ਅਤੇ ਇਸ ਗੁਰਮੰਤ੍ਰ ਦੇ ਸਦਾ ਮਨ ਵੁੱਠੇ ਰਹਿਣ ਕਰਿ ਪ੍ਰਾਪਤ ਹੁੰਦਾ ਹੈ। ਯਥਾ-

"ਅੰਮ੍ਰਿਤ ਨਾਮ ਸਦਾ ਨਿਰਮਲੀਆ। ਸੁਖ-
ਦਾਈ ਦੂਖ ਬਿਡਾਰਨ ਹਰੀਆ॥ ਅਵਰ ਸਦਾ ਚਖ
ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ॥
ਜੋ ਜੋ ਪੀਵੈ ਸੋ ਤ੍ਰਿਪਤਾਵੈ॥ ਅਮਰ ਹੋਵੈ ਜੋ ਨਾਮ
ਰਸੁ ਪਾਵੈ॥ ਨਾਮੁ ਨਿਧਾਨ ਤਿਸਹਿ ਪ੍ਰਾਪਤ ਜਿਸੁ
ਸਬਦੁ ਗੁਰੂ ਮਨਿ ਵੂਠਾ ਜੀਉ॥"

ਬੜੇ ਸ਼ੋਕ ਵਾਲੀ ਗੱਲ ਹੈ ਕਿ ਗੁਰੂ ਘਰ ਵਿਖੇ ਆ ਕੇ ਅਤੇ ਗੁਰੂ ਦੇ ਸਿਖ ਸਦਾ ਕੇ ਭੀ ਬਹੁਤਿਆਂ ਨੂੰ ਇਹ ਅੰਮ੍ਰਿਤ ਨਾਮ ਨਿਧਾਨ ਪ੍ਰਾਪਤ ਨਹੀਂ ਹੁੰਦਾ। ਇਸ ਦਾ ਵੱਡਾ ਕਾਰਨ ਇਹ ਹੈ ਕਿ ਓਹਨਾਂ ਨੂੰ ਪਹਿਲਾਂ ਤਾਂ ਅੰਮ੍ਰਿਤ ਨਾਮ ਨਿਧਾਨੀ ਗੁਰਮੁਖ ਪੰਜਾਂ ਪਿਆਰਿਆਂ

ਦੁਆਰਾ ਅੰਮ੍ਰਿਤ ਛਕਣ ਦਾ ਸੁਭਾਗ ਹੀ ਨਹੀਂ ਜੁੜਦਾ ਜਿਸ ਦੇ ਨਾ ਜੁੜਨ ਕਰ ਕੇ ਓਹਨਾਂ ਨੂੰ ਗੁਰਮਤ ਨਾਮੁ ਗੁਰਮੰਤ੍ਰ ਹੀ ਨਹੀਂ ਮਿਲਦਾ, ਨਾ ਹੀ ਹੋਰ ਕਿਸੇ ਬਿਧਿ ਮਿਲ ਸਕਦਾ ਹੈ। ਗੁਰਮੰਤ੍ਰ ਨਾਮ ਦੇ ਪੂਰਨ ਗੁਰਮਤਿ ਬਿਧੀ ਅਨੁਸਾਰ ਨਾ ਮਿਲਣ ਕਰਕੇ ਨਾਮ ਦ੍ਰਿੜ੍ਹ ਨਹੀਂ ਹੁੰਦਾ। ਦ੍ਰਿੜ੍ਹ ਹੋਏ ਬਾਝੋਂ ਨਾਮ ਅਭਿਆਸ ਦੀ ਕਮਾਈ ਨਹੀਂ ਹੋ ਸਕਦੀ। ਕਮਾਈ ਕੀਤੇ ਬਿਨਾਂ ਬੀਜ ਮਾਤਰ ਨਾਮ ਗੁਰਮੰਤ੍ਰ ਅੰਮ੍ਰਿਤ ਰਸ ਕਲਾ ਵਿਚ ਫੁਲਦਾ ਫਲਦਾ ਨਹੀਂ। ਅੰਮ੍ਰਿਤ ਰਸ ਕਲਾ ਅਤੇ ਸਫਲ ਫਲਾ ਸੰਪੂਰਨੀ ਗਤਿ ਪ੍ਰਾਪਤ ਹੋਏ ਬਿਨਾਂ ਗੁਰਸਿਖ ਜਗਿਆਸੂ ਡਿਗਣ ਡੋਲਣ ਦੇ ਖਤਰੇ ਤੋਂ ਰਹਿਤ ਨਹੀਂ ਹੋ ਸਕਦਾ। ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰਾ ਮੰਤ੍ਰਾਇਆ ਦ੍ਰਿੜਾਇਆ ਅਤੇ ਕਮਾਇਆ ਨਾਮ ਹੀ ਨਾਮ ਅਭਿਆਸ ਕਮਾਈ ਕਰਨਹਾਰੇ ਗੁਰਸਿਖ ਨੂੰ ਡਿਗਣ ਡੋਲਣ ਦੇ ਖਤਰੇ ਤੋਂ ਰਹਿਤ ਕਰ ਸਕਦਾ ਹੈ। ਯਥਾ ਗੁਰਵਾਕ-

"ਅੰਮ੍ਰਿਤ ਨਾਮ ਨਿਰਮੋਲਕ ਹੀਰਾ ਗੁਰੁ ਦੀਨੋ ਮੰਤਾਨੀ॥ ਡਿਗੈ ਨ ਡੋਲੈ ਦ੍ਰਿੜ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ॥"

ਜਿਹਨਾਂ ਨੇ ਰਸਮ ਪੂਰਬਕ ਹੀ ਅੰਮ੍ਰਿਤ ਛਕਿਆ ਹੈ। ਜਿਹਨਾਂ ਨੂੰ ਨਾਮ ਕਮਾਈ ਵਾਲੇ ਗੁਰਮੁਖ ਪੰਜਾਂ ਪਿਆ-ਰਿਆਂ ਦੁਆਰਾ ਅੰਮ੍ਰਿਤ ਛਕਣ ਦਾ ਸੁਭਾਗ ਨਹੀਂ ਜੁੜਿਆ, ਓਹਨਾਂ ਉਤੇ ਨਾ ਹੀ ਅੰਮ੍ਰਿਤ ਕਲਾ ਵਰਤਦੀ

ਹੈ, ਨਾ ਹੀ ਉਨ੍ਹਾਂ ਦਾ ਜੀਵਨ ਹੀ ਤਤਕਾਲ ਨਵਜਨਮਾ, ਗਵਨ ਮਿਟਨਵਾ ਜੀਵਨ ਹੋ ਸਕਦਾ ਹੈ। ਨਾ ਹੀ ਓਹਨਾਂ ਨੂੰ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ। ਨਾਮ ਗੁਰਮੰਤ੍ਰ ਉਹਨਾਂ ਨੂੰ ਮਿਲਦਾ ਹੀ ਨਹੀਂ, ਮਿਲੇ ਤਾਂ ਜੇ ਪੰਜੇ ਪਿਆਰੇ ਖੁਦ ਨਾਮ ਦੇ ਅਭਿਆਸੀ ਅਤੇ ਨਾਮ, ਅਭਿ-ਆਸ ਕਮਾਈਆਂ ਵਾਲੇ ਕਮਲ ਵਿਗਾਸੀ ਹੌਸਲੇ ਹੋਣ। ਜਦ ਅੰਮ੍ਰਿਤ ਨਾਮ ਓਹਨਾਂ ਅੰਮ੍ਰਿਤ ਛਕਣ ਹਾਰਿਆਂ ਦੇ ਅੰਦਰ ਬੀਜ ਮਾਤਰ ਭੀ ਅੰਕ੍ਰਿਤ ਨਹੀਂ ਹੁੰਦਾ ਤਦ ਓਹਨਾਂ ਨੇ ਕੀ ਨਾਮ ਅਭਿਆਸ ਕਮਾਈਆਂ ਕਰਨੀਆਂ ਹਨ ਅਤੇ ਕੀ ਉਸ ਅੰਮ੍ਰਿਤ ਨੇ ਫਲੀਭੂਤ ਹੋਣਾ ਹੈ, ਅਤੇ ਕੀ ਅਮਰ ਕਲਾ ਵਰਤਣੀ ਹੈ। ਅਤੇ ਕੀ ਉਹਨਾਂ ਨੂੰ ਅੰਮ੍ਰਿਤ ਦੀ ਮਹੱਤਤਾ ਦਾ ਸ਼ਊਰ ਹੋਣਾ ਹੈ। ਉਹਨਾਂ ਦਾ ਇਹ ਕਹਿਣਾ ਕਿਸੇ ਅਰਥ ਨਹੀਂ ਕਿ ਕਿਸੇ ਹਾਲਤ ਵਿਚ ਭੀ ਦੂਜੀ ਵਾਰ ਅੰਮ੍ਰਿਤ ਨਹੀਂ ਛਕਿਆ ਜਾਣਾ ਚਾਹੀਦਾ। ਜੇ ਸਚ ਮੁਚ ਅੰਮ੍ਰਿਤ ਦੀ ਕਦਰ ਕੀਮਤ ਹੈ ਤਾਂ ਅੰਮ੍ਰਿਤ ਛਕਕੇ ਅੰਮ੍ਰਿਤ ਸਮੇਂ ਦਰਸਾਈਆਂ ਦਿਰੜਾਈਆਂ ਰਹਿਤ ਰਹਿ-ਣੀਆਂ ਦੇ ਰੱਖਣ ਕਮਾਉਣ ਉਤੇ ਤਤ-ਪਰ ਅਤੇ ਕਾਇਮ ਰਹਿਣਾ ਚਾਹੀਏ, ਨਾਕਿ ਪਤਿਤ ਕਰਮਾਂ ਵਿਚ ਪਰਵਿਰਤ ਹੋਣੋਂ ਭੀ ਸੰਕੋਚ ਨਾ ਕੀਤਾ ਜਾਏ। ਅੰਮ੍ਰਿਤ ਧਾਰੀ ਹੋ ਕੇ ਅੰਮ੍ਰਿਤ ਰਸੀਆ ਹੋਕੇ ਜੇ ਫੇਰ ਜ਼ਹਿਰ ਪੀਂਦਾ ਫਿਰੇ ਤਾਂ ਉਮਦੇ ਮਹਾਂ ਅਭਾਗ ਹਨ।

"ਜੋ ਹਲਾਹਲ ਸੋ ਪੀਵੈ ਬਉਰਾ ॥ ਅੰਮ੍ਰਿਤ ਨਾਮੁ ਜਾਨੈ ਕਰਿ ਕਉਰਾ ॥"

ਵਾਲਾ ਗੁਰਵਾਕ ਐਨ ਉਹਨਾਂ ਉਪਰ ਹੀ ਘਟਦਾ ਹੈ, ਜਿਨ੍ਹਾਂ ਨੂੰ ਅੰਮ੍ਰਿਤ ਦੀ ਪਵਿੱਤ੍ਰਤਾ ਦਾ ਸੱਚਾ ਸ਼ਊਰ ਹੈ, ਉਹ ਅੰਮ੍ਰਿਤ ਹੈ ਸਚ ਮੁਚ ਅੰਮ੍ਰਿਤ ਕਰਕੇ ਛਕਣ। ਜਿਨ੍ਹਾਂ ਨੂੰ ਅੰਮ੍ਰਿਤ ਦੀ ਮਹੱਤਤਾ ਮਨਜ਼ੂਰ ਹੈ। ਓਹ ਅੰਮ੍ਰਿਤ ਧਾਰੀ ਹੋਕੇ ਅੰਮ੍ਰਿਤ ਛਕਣ ਸਮੇਂ ਦਸੇ ਦ੍ਰਿੜਾਏ ਬਿਵਰਜਤ ਕੁਕਰਮਾਂ ਤੋਂ ਪਾਕ ਰਹਿਣ। ਖੁਦ ਪਾਕ ਰਹਿਕੇ ਅੰਮ੍ਰਿਤ ਦੀ ਪਾਕੀਜ਼ਗੀ ਦੀ ਦਾਦ ਦੇਣ। ਅੰਮ੍ਰਿਤ ਛਕਿਆ ਪਰ ਸਾਂਭ ਕੇ ਰੱਖਿਆ ਨਹੀਂ ਤੇ ਅੰਮ੍ਰਿਤ ਛਕਣ ਸਮੇਂ ਗੁਰੂ ਰੂਪ ਪੰਜਾਂ ਪਿਆਰਿਆਂ ਦੀ ਦਿੱਤੀ ਦ੍ਰਿੜਾਈ ਸਿਖਿਆ ਉਤੇ ਜੋ ਸਿੱਖ ਅਮਲ ਨਹੀਂ ਕਰਦੇ ਤਾਂ ਇਸ ਵਿਚ ਗੁਰ ਸਿਖਿਆ ਯਾ ਗੁਰੂ ਸਰੂਪ ਪੰਜਾਂ ਪਿਆਰਿਆਂ ਦਾ ਕੋਈ ਕਸੂਰ ਨਹੀਂ। ਗੁਰ ਸਿਖਿਆ ਉਪਰ ਨਾ ਚਲਣ ਹਾਰਿਆਂ ਦਾ ਆਪਣਾ ਕਸੂਰ ਹੈ।

"ਕਬੀਰ ਸਤਿਗੁਰੂ ਪੂਰਾ ਕਿਆ ਕਰੇ ਜਉ ਸਿਖਾਂ ਮਹਿ ਚੂਕ ॥ ਅੰਧਲੇ ਏਕ ਨਾ ਲਾਗਈ ਜਿਉ ਬਾਸ ਬਜਾਈ ਫੂਕ ॥"

ਜਿਨ੍ਹਾਂ ਕੁਕਰਮਾਂ ਤੋਂ ਗੁਰੂ ਸਾਹਿਬ ਪੰਜਾਂ ਪਿਆਰਿਆਂ ਦੇ ਸਰੂਪ ਵਿਚ ਹੋ ਕੇ ਹੋੜਦੇ ਹਨ, ਓਹਨਾਂ ਹੀ ਕੁਕਰਮਾਂ ਨੂੰ ਕਰੀ ਜਾਣਾ ਅਤੇ ਨਿਰਭੈ ਹੋ ਕੇ ਕਰੀ ਜਾਣਾ

ਅਤੇ ਫੇਰ ਆਸ ਰੱਖਣੀ ਕਿ ਇਕ ਵਾਰ ਅੰਮ੍ਰਿਤ ਛਕਿਆ ਅਸਾਡਾ ਪਾਰ ਉਤਾਰਾ ਕਰ ਦੇਵੇਗਾ, ਸਖਤ ਗਲਤ ਫਹਿਮੀ ਹੈ। ਅੰਮ੍ਰਿਤ ਛਕਣ ਪਸਚਾਤ ਗੁਰਬਾਣੀ ਅੰਦਰ ਦ੍ਰਿੜ੍ਹਾਈ ਗੁਰ ਸਿਖਿਆ ਨੂੰ ਜੋ ਸਿਖ ਨਹੀਂ ਕਮਾਉਂਦੇ ਉਹਨਾਂ ਉਤੇ ਕਿਵੇਂ ਅਮਰ ਕਲਾ ਵਰਤ ਸਕਦੀ ਹੈ ਅਤੇ ਅਮਰ ਕਲਾ ਕਿਵੇਂ ਕਾਇਮ ਰਹਿ ਸਕਦੀ ਹੈ।

ਵਿਸ਼ੇ ਵਿਕਾਰਾਂ ਤੋਂ ਬਚਾਉ ਕਿਵੇਂ ਹੋਵੇ ?

ਗੁਰਬਾਣੀ ਤਾਂ ਬੜੇ ਜੋਰ ਨਾਲ ਇਸ ਪ੍ਰਕਾਰ ਦੇ ਉਪਦੇਸ਼ ਦ੍ਰਿੜ੍ਹਾਉਂਦੀ ਹੈ:-

ਟੋਡੀ ਮਹਲਾ ੫ ਘਰ ੩ ਚਉਪਦੇ ॥

ੴ ਸਤਿਗੁਰ ਪ੍ਰਸਾਦਿ ॥

"ਹਾ ਹਾ ਲਪਟਿਓ ਰੇ ਮੂੜ੍ਹੇ ਕਛੂ ਨ ਥੋਰੀ ॥ ਤੇਰੋ ਨਹੀ ਸੁ ਜਾਨੀ ਮੋਰੀ ॥ ੧ ॥ ਰਹਾਉ ॥ ਆਤਮ ਰਾਮ ਨ ਚੀਨੇ ਖਿਨੂਆ ॥ ਜੋ ਪਰਾਈ ਸੋ ਅਪਨੀ ਮਨੂਆ ॥ ੧ ॥ ਨਾਮ ਸੰਗੀ ਸੋ ਮਨਿ ਨ ਬਸਾਇਓ ॥ ਛੋਡਿ ਜਾਹਿ ਵਾਹੂ ਚਿਤੁ ਲਾਇਓ ॥ ਸੋ ਸੰਚਿਓ ਜਿਤੁ ਭੂਖ ਤਿਸਾਇਓ ॥ ਅੰਮ੍ਰਿਤ ਨਾਮ ਤੋਸਾ ਨਹੀਂ ਪਾਇਓ ॥ ੩ ॥ ਕਾਮ ਕ੍ਰੋਧਿ ਮੋਹ ਕੂਪ ਪਰਿਆ ॥ ਗੁਰਪ੍ਰਸਾਦਿ ਨਾਨਕ ਕੋ ਤਰਿਆ ॥ ੪ ॥ ੧ ॥ ੧੬ ॥

ਜੋ ਇਸ ਗੁਰਬਾਣੀ ਨੂੰ ਮੰਨਣ ਹਾਰੇ ਸਿਖ ਇਸ ਗੁਰਵਾਕ ਵਿਖੇ ਬਿਵਰਜਤ ਕਰਮਾਂ ਤੋਂ ਬਾਜ਼ ਨਾ ਆਉਣ, ਤਾਂ ਅੰਮ੍ਰਿਤ ਕਲਾ ਕਿਵੇਂ ਵਰਤੇ ? ਅੰਮ੍ਰਿਤ ਨਾਮ ਤੋਸਾ ਤਾਂ ਉਹ ਸੰਚਦੇ ਭੁੰਚਦੇ ਨਹੀਂ, ਜਿਸ ਨੇ ਕਿ ਐਥੇ ਓਥੇ ਲੋਕ ਪਰਲੋਕ ਵਿਖੇ ਆਧਾਰ ਰੂਪ ਹੋਣਾ ਹੈ ਅਰ ਜੀਵਾਂ ਦਾ ਸੱਚਾ ਉਧਾਰ ਕਰਨਾ ਹੈ। ਉਨ੍ਹਾਂ ਵਸਤੂਆਂ ਦੇ ਸੰਗ੍ਰਹਿਨ ਕਰਨ ਉੱਤੇ ਸਾਰਾ ਜ਼ੋਰ ਲਾ ਰਖਿਆ ਹੈ, ਜਿਹਨਾਂ ਦੇ ਭੁੰਚਨ ਕਰਕੇ ਉਹਨਾਂ ਸਦਾ ਭੁਖੇ ਤਿਹਾਏ ਹੀ ਰਹਿਣਾ ਹੈ, ਤਾਂ ਦਸੋ ਕਿ ਅਮਰ ਕਲਾ ਕਿਥੋਂ ਆਵੇ ? ਕਾਮ, ਕ੍ਰੋਧ, ਮੋਹ ਰੂਪੀ ਖੂਹ ਵਿਚਿ ਡਿਗੇ ਪਏ ਰਹਿਣ ਉਪਰ ਹੀ ਜੋ ਸੰਤੁਸ਼ਟ ਹੋਣ, ਓਹਨਾਂ ਨੂੰ ਪਤਿਤ ਦਸ਼ਾ ਤੋਂ ਉਭਰਨ ਦਾ ਸਾਹਸ ਹੀ ਨਹੀਂ, ਓਹਨਾਂ ਨੂੰ ਆਪਣੀ ਪਤਿਤ ਦਸ਼ਾ ਭਾਸਦੀ ਹੀ ਨਹੀਂ ਅਤੇ ਇਸ ਦਸ਼ਾ ਨੂੰ ਪ੍ਰਤੀਤ ਕਰਾਉਣ ਹਾਰੇ ਗੁਰਵਾਕ ਹੀ ਨਹੀਂ ਪੋਂਹਦੇ। ਓਹਨਾਂ ਨੂੰ ਆਪਣੀ ਪਾਪਿਸ਼ਟ ਪਤਿਤ ਦਸ਼ਾ ਪਰਤੀਤ ਹੀ ਨਹੀਂ ਹੁੰਦੀ। ਗੁਰ ਸਿਖਿਆ ਦੀ ਭੈ ਭਾਵਨੀ ਤੋਂ ਵੰਚਤ ਹੋਏ ਅਹਿਨਿਸ ਕੂੜ ਕੁਸਤਿ ਭਰੇ ਹੋਏ ਨੱਕੋ ਨੱਕ ਪਾਪਾਂ ਨਾਲਿ ਹੀ ਪੂਰਤ ਰਹਿੰਦੇ ਹਨ। ਜਿਵੇਂ ਓਹ ਦਿਨੇ ਰਾਤ ਪਾਪਾਂ ਵਿਚ ਹੀ ਗਲਤਾਨ ਰਹਿੰਦੇ ਹਨ, ਓਵੇਂ ਓਹ ਦਿਨ ਰਾਤ ਅੰਮ੍ਰਿਤ ਨਾਮ ਤੋਸਾ ਭੁੰਚਣ ਵਿਚ ਗਲਤਾਨ ਰਹਿਣ, ਤਾਂ ਓਹਨਾਂ ਦੀ ਪਾਪਾਂ ਭਰੀ ਮਤ ਦੀ ਮੈਲ ਦੂਰ ਹੋਵੇ ਅਤੇ ਮੈਲ ਉਤਰ

ਕੇ ਹੀ ਫੇਰ ਆਤਮ ਰੰਗ ਚਲੂਲੇ ਚੜ੍ਹਦੇ ਹਨ ।

ਯਥਾ ਗੁਰਵ ਕ:-

"ਇਹ ਸਰੀਰ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ ॥ ਗੁਰਮੁਖਿ ਭਗਤਿ ਜਿਤ ਸਹਜ ਧੁਨਿ ਉਪਜੈ ਬਿਨ ਭਗਤੀ ਮੈਲਿ ਨ ਜਾਇ ।...... ਅੰਮ੍ਰਿਤ ਨਾਮੁ ਪੀਆ ਦਿਨ ਰਾਤੀ ਦੁਬਿਧਾ ਮੈਲੁ ਨਿਵਾਰੈ ॥" (ਗਉੜੀ ਮਹਲਾ ੧)

ਇਸ ਗੁਰਵਾਕ ਦੀ ਪਹਿਲੀ ਤੁਕ ਦੇ ਭਾਵ ਅਨੁਸਾਰ ਜਿਹੜੇ ਪੁਰਸ਼ ਗਲ ਤਾਈਂ ਪਾਪਾਂ ਨਾਲਿ ਹੀ ਅਟੇ ਹੋਏ ਹੋਣ ਅਤੇ ਅਹਿਨਿਸ ਪਾਪ ਕਮਾਈਆਂ ਹੀ ਕਰੀ ਜਾਣ, ਓਹਨਾਂ ਪਤਿਤਾਂ ਨੂੰ ਇਸ ਪਤਿਤ ਦਸ਼ਾ ਵਿਚੋਂ ਉਭਾਰਨ ਲਈ ਹੋਰ ਕੋਈ ਭੀ ਉਪਾਉ ਵਸੀਲਾ ਨਹੀਂ ਕਿ ਉਹ ਅੰਮ੍ਰਿਤ ਛਕ ਕੇ ਨਾਮ ਅਭਿਆਸ ਕਮਾਈਆਂ ਕਰਨ, ਨਹੀਂ ਤਾਂ ਪਤਿਤ ਦੇ ਪਤਿਤ ਹੀ ਰਹਿਣਗੇ। ਪਰ ਨਾਮ ਪਦਾਰਥੋਂ ਘੁਥੇ ਸਿਖਾਂ ਦੀ ਭੀ ਸੰਸਾਰੀ ਜੀਵਾਂ ਮਾਇਆ ਬਉਰਾਨੇ ਸਾਕਤ ਪੁਰਸ਼ਾਂ ਵਾਲੀ ਦਸ਼ਾ ਹੋਇ ਰਹਿੰਦੀ ਹੈ। ਓਇ ਅਭਾਗੇ ਮਾਇਆ ਮਗਨਤਾ ਵਿਖੇ ਹੀ ਦਿਨ ਰਾਤ ਸੋਇ ਰਹਿੰਦੇ ਹਨ ਅਤੇ ਨਿਸਬਾਸਰ ਮਿਥਿਆ ਦਾ ਗ੍ਰਹਿਣ ਹੀ ਕਰਦੇ ਹਨ ਅਤੇ ਇਸ ਮਿਥਨ ਮਨੋਰਥੀ ਸੁਪਨ ਸਾਰਖੇ ਅਸਤਿ ਪਦਾਰਥਾਂ ਦੇ ਸੁਆਦ ਰਸਾਂ ਨੂੰ ਓਹ ਮਨਮੁਖੀ ਜੀਵ ਸੱਚੇ ਕਰਕੇ ਸਮਝੀ ਬੈਠੇ

ਹਨ। ਜੋ ਵਾਸਤਵ ਸਤਿ ਪਦਾਰਥ ਅੰਮ੍ਰਿਤ ਨਾਮੁ ਹੈ, ਜਿਸ ਨੇ ਸਦਾ ਸੰਗਿ ਰਹਿਣਾ ਹੈ ਅਤੇ ਸੰਗ ਜਾਣਾ ਹੈ ਉਸ ਦਾ ਉਹਨਾਂ ਨੂੰ ਤਿਲ ਮਾਤਰ ਭੀ ਮਰਮ ਨਹੀਂ। ਕੈਸੀ ਭਿਆਨਕ ਦਸ਼ਾ ਹੈ। ਸੋਈ ਇਸ ਅਗਲੇ ਗੁਰਵਾਕ ਅੰਦਰ ਦਰਸਾਈ ਗਈ ਹੈ। ਯਥਾ ਗੁਰਵਾਕ:-

ਆਸਾ ਮਹਲਾ ॥ ੪ ॥ "ਬਾਵਰ ਸੋਇ ਰਹੇ ॥ ੧ ॥ ਰਹਾਉ ॥ ਮੋਹ ਕੁਟੰਬ ਬਿਖੈ ਰਸ ਮਾਤੇ ਮਿਥਿਆ ਗਹਿਨ ਗਹੇ ॥ ੧ ॥ ਮਿਥਨ ਮਨੋਰਥ ਸੁਪਨ ਆਨੰਦ ਉਲਾਸ ਮਨਿਮੁਖ ਸਤਿ ਕਹੇ ॥ ੨ ॥ ਅੰਮ੍ਰਿਤੁ ਨਾਮੁ ਪਦਾਰਥ ਸੰਗੇ ਤਿਲ ਮਰਮੁ ਨ ਲਹੇ ॥ ੩ ॥ ਕਰਿ ਕਿਰਪਾ ਰਾਖੇ ਸਤਿ ਸੰਗੇ ਨਾਨਕ ਸਰਣਿ ਅਹੇ ॥ ੪ ॥ ੨ ॥ ੧੪੧ ॥"

ਇਸ ਗੁਰਵਾਕ ਦੀ ਅਖੀਰਲੀ ਤੁਕ ਦਸਦੀ ਹੈ ਕਿ ਗੁਰੂ ਦੀ ਕਿਰਪਾਲਤਾ ਦੁਆਰਾ ਜੇਕਰ ਸਦਾ ਦਾ ਸਤਿਸੰਗ ਬਣਿ ਆਵੇ ਤਾਂ ਅਹੋ ਭਾਗ ਹੋਣ। ਤਾਂਤੇ ਗੁਰ-ਸਿਖਾਂ ਨੂੰ ਸਦਾ ਦੇ ਸਤਿਸੰਗ ਦੀ ਮੰਗ ਮੰਗਣੀ ਚਾਹੀਦੀ ਹੈ। ਨਾਮ ਅਭਿਆਸੀਆਂ ਦਾ ਸਤਿਸੰਗ ਗੁਰਬਾਣੀ ਕੀਰ-ਤਨੀਆਂ ਦਾ ਸਤਿਸੰਗ, ਗੁਰਬਾਣੀ ਦੇ ਪਾਠ ਦਾ ਅਖੰਡ ਸਤਿਸੰਗ, ਸਿਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਦਾ ਚਰਨ ਸਰਨ ਸਰਣਾਗਤੀ ਸਤਿਸੰਗ ਹਰ ਵਕਤ ਬਣਿਆ ਹੀ ਰਹੇ, ਤਾਂ ਅੰਮ੍ਰਿਤ ਨਾਮ ਦੀ ਸਦਾ ਚੜ੍ਹਦੀ ਕਲਾ ਬਣੀ

ਰਹਿੰਦੀ ਹੈ, ਨਹੀਂ ਤਾਂ ਮਿਥੁਨ ਮੁਹਾਰਾ ਵਿਸ਼ੇ ਵਿਕਾਰਾ ਪਰਪੰਚ ਜਾਲ ਫੁਨਿ-ਫੁਨਿ ਆਣਿ ਮੁਹਾਉਂਦਾ ਹੈ। ਏਸੇ ਕਰਕੇ ਹੀ ਬਾਰੰਬਾਰ ਇਸ ਪ੍ਰਕਾਰ ਦੇ ਗੁਰਵਾਕ ਉਚਾਰਨ ਹੋਏ ਹਨ:-

੧. ਅੰਮ੍ਰਿਤ ਨਾਮ ਪਰਮੇਸਰ ਤੇਰਾ ਜੋ ਸਿਮਰੈ ਸੋ ਜੀਵੈ ॥
੨. ਅੰਮ੍ਰਿਤ ਨਾਮੁ ਪੀਵਹੁ ਮੇਰੇ ਭਾਈ ॥ ਸਿਮਰਿ ਸਿਮਰਿ ਸਭ ਤਪਤ ਬੁਝਾਈ ॥
੩. ਅੰਮ੍ਰਿਤ ਨਾਮੁ ਅਰਾਧੀਐ ਨਿਰਮਲ ਮਨੈ ਹੋਵੈ ਪਰਗਾਸੋ ॥
੪. ਅੰਮ੍ਰਿਤ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੀ ॥
੫. ਅੰਮ੍ਰਿਤ ਨਾਮੁ ਭੁੰਚ ਮਨ ਮਾਹੀ ॥ ਅਚਰਜ ਸਾਦ ਤਾਕੇ ਬਰਨੇ ਨ ਜਾਹੀ ॥
੬. ਅੰਮ੍ਰਿਤ ਨਾਮ ਰਸਨਾ ਨਿਤ ਗਾਵੈ ॥ ਜਿਸ ਨੋ ਕਿਰਪਾ ਕਰੇ ਸੋ ਹਰਿ ਰਸੁ ਪਾਵੈ ॥
੭. ਭਉ ਭਾਗਾ ਨਿਰਭਉ ਮਨਿ ਬਸੈ ॥ ਅੰਮ੍ਰਿਤ ਨਾਮੁ ਰਸਨਾ ਨਿਤ ਜਪੈ । ਕੋਟ ਜਨਮ ਕੇ ਕਾਟੇ ਫਾਹੇ ॥ ਪਾਇਆ ਲਾਭ ਸਚ ਧਨੁ ਲਾਹੇ ॥ ਤੋਟਿ ਨ ਆਵੈ ਅਖੁਟ ਭੰਡਾਰ ॥ ਨਾਨਕ ਭਗਤ ਸੋਹਹਿ ਹਰਿ ਦੁਆਰਿ ॥
੮. ਅੰਮ੍ਰਿਤ ਨਾਮੁ ਰਸਨ ਨਿਤ ਜਾਪੈ ॥ ਰੋਗ ਰੂਪ

ਮਾਇਆ ਨ ਬਿਆਪੈ ॥ ਜਪਿ ਗੋਬਿੰਦ ਸੰਗੀ ਸਭਿ ਤਾਰੇ ॥ ਪੋਹਤ ਨਹੀਂ ਪੰਚ ਬਟਵਾਰੇ ॥

੯. ਦੂਖੁ ਰੋਗੁ ਕਛੁ ਭਉ ਨ ਬਿਆਪੇ ॥ ਅੰਮ੍ਰਿਤ ਨਾਮ ਰਿਦੈ ਹਰਿ ਜਾਪੈ ॥

੧੦. ਪ੍ਰਭ ਕੈ ਸਿਮਰਨਿ ਮਨ ਕੀ ਮਲ ਜਾਇ ॥ ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥

੧੧. ਗੁਰਿ ਪੂਰੈ ਮੇਰੀ ਰਾਖ ਲਈ ॥ ਅੰਮ੍ਰਿਤ ਨਾਮੁ ਰਿਦੇ ਮਹਿ ਦੀਨਾ ਜਨਮ ਜਨਮ ਕੀ ਮੈਲ ਗਈ ॥

੧੨. ਅੰਮ੍ਰਿਤ ਪੀਵਹੁ ਸਾਧ ਪਿਆਰੇ ॥ ਮੁਖੁ ਊਜਲ ਸਾਚੈ ਦਰਬਾਰੇ ॥ ਅਨਦ ਕਰਹੁ ਤਜਿ ਸਗਲ ਬਿਕਾਰ ॥ ਨਾਨਕ ਹਰਿ ਜਪਿ ਉਤਰਹੁ ਪਾਰਿ ॥

੧੩. ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥ ਨਿਰਮਲ ਨਾਮੁ ਜਿਤੁ ਮੈਲੁ ਨ ਲਾਗੈ ਗੁਰਮਤਿ ਨਾਮੁ ਜਪੈ ਲਿਵ ਲਾਵੈ ॥ ਨਾਮ ਪਦਾਰਥ ਜਿਨ ਨਰ ਨਾਹੀਂ ਪਾਇਆ ਸੇ ਭਾਗ ਹੀਣ ਮੋਏ ਮਰਿ ਜਾਵੈ ॥

੧੪. ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥ ਪ੍ਰਾਨ ਤਰਨ ਕਾ ਇਹੈ ਸੁਆਉ ।

੧੫. ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤ ਹਰਿ ਕਾ ਨਾਉ ॥ ਮਨਿ ਤਨਿ ਹਿਰਦੈ ਸਿਮਰਿ ਹਰਿ ਆਠ ਪਹਿਰ ਗੁਣ ਗਾਉ ॥

੧੬. ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸ ਕ੍ਰਿਪਾਲੁ ਹੋਵੈ ਤਿਸੁ ਰਿਦੈ ਵਸੇਹਾ ॥ ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖ ਹੋਹਾ ॥

੧੭. ਨਾਮ ਰਤਨ ਕੋ ਕੋ ਬਿਉਹਾਰੀ ॥ ਅੰਮ੍ਰਿਤ ਭੋਜਨੁ ਕਰੇ ਅਹਾਰੀ ॥

੧੮. ਅੰਮ੍ਰਿਤ ਭੋਜਨ ਨਾਮੁ ਹਰਿ ਰਜਿ ਰਜਿ ਜਨ ਖਾਹੁ ॥ ਸਭਿ ਮਨੋਰਥ ਪਾਈਅਨਿ ਸਿਮਰਨੁ ਸਚੁ ਲਾਹੁ ॥

੧੯. ਅੰਮ੍ਰਿਤ ਰਸੁ ਹਰਿ ਪਾਇਆ ਬਿਖਿਆ ਰਸ ਫੀਕੇ ਰਾਮ ॥

੨੦. ਅੰਮ੍ਰਿਤ ਰਸੁ ਹਰਿ ਕੀਰਤਨੋ ਕੋ ਵਿਰਲਾ ਪਾਵੈ ॥ ਵਜਹੁ ਨਾਨਕ ਮਿਲੈ ਏਕੁ ਨਾਮੁ ਰਿਦ ਜਪਿ ਜਪਿ ਜੀਵੈ ॥

੨੧. ਅੰਮ੍ਰਿਤ ਨਾਮੁ ਮਹਾ ਰਸ ਮੀਠਾ ਗੁਰਸਬਦੀ ਚਖਿ ਜਾਪੈ ॥

੨੨. ਅੰਮ੍ਰਿਤ ਨਾਮੁ ਪਰਮੇਸਰ ਤੇਰਾ ਜੋ ਸਿਮਰੈ ਸੋ ਜੀਵੈ ॥ ਜਿਸ ਨੋ ਕਰਮ ਪ੍ਰਾਪਤ ਹੋਵੈ ਸੋ ਜਨ ਨਿਰਮਲ ਥੀਵੈ ॥

੨੩. ਅੰਮ੍ਰਿਤ ਨਾਮ ਰਸਨ ਰਸੁ ਰਸਨਾ ਗੁਰਸਬਦੀ ਰਸੁ ਪੀਜੈ ॥

੨੪. ਅੰਮ੍ਰਿਤ ਨਾਮ ਸੁਆਮੀ ਤੇਰਾ ਜੋ ਪੀਵੈ ਤਿਸ

ਹੀ ਤ੍ਰਿਪਤਾਸ ॥ ਜਨਮ ਜਨਮ ਕੇ ਕਿਲ ਬਿਖ
ਨਾਸਹਿ ਆਗੈ ਦਰਗਹਿ ਹੋਇ ਖਲਾਸ ॥

੨੫. ਅੰਮ੍ਰਿਤ ਨਾਮੁ ਮਨਹਿ ਆਧਾਰੋ ॥ ਜਿਨ ਦੀਆ
ਤਿਸ ਕੈ ਕੁਰਬਾਨੈ ਗੁਰ ਪੂਰੈ ਨਮਸਕਾਰੋ ॥ ੧ ॥
ਰਹਾਉ ॥ ਬੂਝੀ ਤ੍ਰਿਸਨਾ ਸਹਿਜ ਸੁਹੇਲਾ ਕਾਮ
ਕ੍ਰੋਧ ਬਿਖ ਜਾਰੋ ॥ ਆਇ ਨ ਜਾਇ ਬਸੈ ਇਹ
ਠਾਹਰ ਜਹ ਆਪਨ ਨਿਰੰਕਾਰੋ ॥ ਏਕੈ ਪਰਗਟ
ਏਕੈ ਗੁਪਤਾ ਏਕੈ ਧੂੰਦੂਕਾਰੋ । ਆਦਿ ਮਧਿ ਅੰਤਿ
ਪ੍ਰਭੁ ਸੋਈ ਕਹੁ ਨਾਨਕ ਸਾਚੁ ਬੀਚਾਰੋ ॥੨॥੩੧॥੫੪॥

੨੬. ਅੰਮ੍ਰਿਤ ਨਾਮੁ ਪੀਆ ਮਨੁ ਤ੍ਰਿਪਤਿਆ ਆਘਾਇ
ਰਸਨ ਚਖਾ ॥ ਕਹੁ ਨਾਨਕ ਸੁਖ ਸਹਜ ਮੈ ਪਾਇਆ
ਗੁਰਿ ਲਾਹੀ ਸਗਲ ਤਿਖਾ ॥

ਸਾਰਿਗ ਮਹਲਾ ੫

੨੭. ਫੀਕੇ ਹਰਿ ਕੇ ਨਾਮੁ ਬਿਨੁ ਸਾਦ ॥ ਅੰਮ੍ਰਿਤ ਰਸ
ਕੀਰਤਨ ਹਰਿ ਗਾਈਐ ਅਹਿਨਿਸ ਪੂਰਨ ਸਾਦ
। ੧ । ਰਹਾਉ ॥ ਸਿਮਰਤ ਸਾਂਤਿ ਮਹਾਂ ਸੁਖੁ ਪਾਈਐ
ਮਿਟਿ ਜਾਹਿ ਸਗਲ ਬਿਖਾਦਿ ॥ ਹਰਿ ਹਰਿ ਲਾਭੁ
ਸਾਧ ਸੰਗਿ ਪਾਈਐ ਘਰਿ ਲੈ ਆਵਹੁ ਲਾਦਿ ॥ ੧ ॥
ਸਭ ਤੇ ਊਚ ਊਚ ਤੇ ਊਚੋ ਅੰਤ ਨਹੀਂ ਮਰਜਾਦ ॥
ਬਰਨ ਨ ਸਾਕਉ ਨਾਨਕ ਮਹਿਮਾ ਪੇਖਿ ਰਹੇ
ਬਿਸਮਾਦ ॥ ੨ ॥ ੫੫ ॥ ੭੮ ॥

੨੮. ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ ਧਾਰਣਹ ॥ ਅੰਮ੍ਰਿਤ ਨਾਮੁ ਨਾਰਾਇਣ ਨਾਨਕ ਪੀਵਤੰ ਸੰਤਨ ਤ੍ਰਿਪਤਹ ॥

੨੯. ਅੰਮ੍ਰਿਤੁ ਨਾਮੁ ਨਿਧਾਨੁ ਦਿਤਾ ਤੁਸਿ ਹਰਿ ॥ ਨਾਨਕ ਸਦਾ ਅਰਾਧਿ ਕਦੇ ਨ ਜਾਹਿ ਮਰਿ ॥

੩੦. ਜਗਤ ਉਧਾਰਣ ਨਵ ਨਿਧਾਨ ਭਗਤਹ ਭਵ-ਤਾਰਨ ॥ ਅੰਮ੍ਰਿਤ ਬੂੰਦ ਹਰਿ ਨਾਮੁ ਬਿਸੁ ਕੀ ਬਿਖੈ ਨਿਵਾਰਣ ॥

੩੧. ਉਚਰਹੁ ਰਾਮ ਨਾਮੁ ਲਖਬਾਰੀ ॥ ਅੰਮ੍ਰਿਤ ਰਸ ਪੀਵਹੁ ਪ੍ਰਭ ਪਿਆਰੀ ॥ ੧ ॥ ਰਹਾਉ ॥ ਸੂਖ ਸਹਜ ਰਸ ਮਹਾ ਅਨੰਦਾ ॥ ਜਪਿ ਜਪਿ ਜੀਵੇ ਪਰਮਾ-ਨੰਦਾ ॥ ਕਾਮ ਕ੍ਰੋਧ ਲੋਭ ਮੋਹ ਖੋਏ ॥ ਸਾਧ ਕੈ ਸੰਗਿ ਸਭ ਕਿਲ ਬਿਖ ਖੋਏ ॥

੩੨. ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥

ਸੱਚਾ ਚਾਨਣ ਮੁਨਾਰਾ

ਗੁਰਮਤਿ ਮਾਰਗ ਤੇ ਚਲਣਹਾਰੇ ਪਰਮਾਰਥ ਪਾਂਧੀਆਂ ਨੂੰ ਇਸ ਖੰਡੇ-ਧਾਰ ਮਾਰਗ ਦਾ ਪੈਂਡਾ ਕੱਟਣ ਲਈ ਏਹ ਅੰਮ੍ਰਿਤ ਨਾਮ ਹੀ ਚਾਨਣ ਮੁਨਾਰਾ ਹੈ, ਇਸ ਅੰਮ੍ਰਿਤ ਜੋਤਿ ਚਾਨਣੇ ਦੀ ਖਿਨ ਖਿਨ ਸਹਾਇਤਾ ਬਿਹੂਣ ਅਤੀ ਚਤਰ ਪਰਮਾਰਥੀ ਭੀ ਅੰਧ ਅਗਿਆਨੀ ਹੈ। ਚਿਤਰ

ਬਚਿਤਰ ਮੋਹਨੀ ਮਾਇਆ ਦੀਆਂ ਫੇਟਾਂ ਤੋਂ ਬਚਾਉਣ ਲਈ ਅੰਧਲੇ ਪੰਧਾਊ ਨੂੰ ਨਾਮ ਦੀ ਟੋਹਣੀ ਹਰ ਵਕਤ ਦਰਕਾਰ ਹੈ।

ਨਾਮ ਮਹਾਂ ਰਸ ਦੀ ਅਮੀ ਵਿਗਾਸਨੀ ਖਿਨ ਖਿਨੀ ਟੋਹ ਤੋਂ ਘੁਥੇ ਨੂੰ ਇਹ ਮਹਾਂ ਮੋਹਨੀ ਬਹੁ ਪਰਕਾਰ ਸੁੰਦਰ ਸੋਹਨੀ ਚੰਚਲ ਚਲਿਤਰਨੀ ਮਾਇਆ ਅਨਿਕ ਭਾਵ ਦਿਖਾਇ ਦਿਖਾਇ ਅਤੇ ਭਾਂਤ ਭਾਂਤ ਦੇ ਵੇਸ ਵਟਾਇ ਵਟਾਇ ਮੋਹੰਦੀ ਹੈ ਅਤੇ ਐਸੀ ਢੀਠ ਮੀਠੀ ਹੋਇਕੈ ਮਨ ਨੂੰ ਚਿਮ-ੜਦੀ ਹੈ ਕਿ ਇਕ ਵਾਰ ਨਾਮ ਲਿਵ ਡੋਰੀ ਤੋਂ ਉਖੜੇ ਪੰਧ ਊ ਦੀ ਚਉਕੜੀ ਭੁਲਾ ਦਿੰਦੀ ਹੈ ਅਤੇ ਜਿਨ੍ਹਾਂ ਨੂੰ ਗੁਰਮਤਿ ਨਾਮ ਉੱਕਾ ਹੀ ਪ੍ਰਾਪਤ ਨਹੀਂ, ਓਹਨਾਂ ਦਾ ਤਾਂ ਠਿਕਾਣਾ ਹੀ ਕੋਈ ਨਹੀਂ। ਗ੍ਰਿਹਿ ਵਿਖੇ ਰਹਿਣ ਵਾਲੇ ਗ੍ਰਿਹਸਤੀਆਂ ਨੂੰ, ਬਨਾਂ ਵਿਖੇ ਵਿਚਰਨ ਵਾਲੇ ਬਨਬਾਸੀਆਂ ਬ੍ਰਹਮ-ਚਾਰੀਆਂ ਨੂੰ, ਤੀਰਥਾਂ ਤੇ ਗਮਨ ਕਰਨਹਾਰੇ ਯਾਤਰੂਆਂ ਨੂੰ, ਤੀਰਥ ਬਰਤ ਪੂਜਾ ਕਰਦਿਆਂ ਭੀ ਬਾਟ ਘਾਟ ਆਇ ਜੋਂਹਦੀ ਹੈ। ਇਸ ਕਰਕੇ ਇਸ ਅਵਘਟ ਘਾਟੀ ਦੇ ਪ੍ਰੇਮ ਸੁਮਾਰਗੀ ਲਈ ਇਹ ਉਚਿਤ ਹੈ ਕਿ ਖਿਨ ਖਿਨ ਨਾਮ ਰੰਗਾਂ ਵਿਚਿ ਲੀਨ ਰਹੇ। ਜਦੋਂ ਭੀ ਉਸ ਦੀ ਬਿਰਤੀ ਉਚਾਟ ਹੁੰਦੀ ਦਿਸੇ, ਜਿਸ ਖਿਨ ਭੀ ਉਸ ਦੀ ਆਤਮ ਸੁਰਤੀ ਦਾ ਖਿੜਾਉ ਠੰਢਾ ਪੈਂਦਾ ਦਿਸੇ, ਓਸੇ ਖਿਨ ਹੀ ਨਾਮ ਨੂੰ ਚੜ੍ਹਦੀ ਕਲਾ ਵਿਚ ਰਖਣ ਦੀਆਂ ਬੇਨਤੀਆਂ ਵਿਚਿ ਜੁਟ ਜਾਵੇ।

ਅਰਦਾਸ ਬੇਨਤੀ ਦੁਆਰਾ ਤੱਤ ਛਿਨ ਓਹੀ ਵਿਗਾਸ ਆਇ ਬਣਦਾ ਹੈ ਅਤੇ ਆਤਮ ਰੌ ਚਲ ਪੈਂਦੀ ਹੈ। ਨਾਮ ਖੁਦ ਹੀ ਬੇਨਤੀ ਸਰੂਪ ਹੈ, ਨਾਮ ਨੂੰ ਉਚਾਰਨਾ ਹੀ ਸਨਮੁਖ ਦਰਸ ਹਜ਼ੂਰੀ ਦੀ ਜ਼ਹੂਰੀ ਵਿਚ ਮਉਜ ਮਾਨਣਾ ਹੈ। ਨਾਮ ਨੂੰ ਹੋਰੋ ਹੋਰ ਆਤਮ ਵਿਗਾਸ ਦੀ ਯਾਚਨਾ ਵਿਚ ਸਾਵਧਾਨ ਹੋਣਾ ਹੈ।

ਇਸ ਸੁਹਾਵਣੇ ਸੰਸਾਰ ਬਿਰਖ ਉਤੇ ਵਸਣ ਵਾਲੇ ਪੰਖਣੂ ਬਿਖੈ ਬਾਸ਼ਨਾ ਦੇ ਬਸ ਹੋਏ ਚਹੁੰਦਿਸਿ ਚਹਿ ਚਹਾਉਂਦੇ ਫਿਰਦੇ ਹਨ, ਪਰ ਓਹਨਾਂ ਨੂੰ ਬਿਖ ਫਲ ਹੀ ਪ੍ਰਾਪਤ ਹੁੰਦਾ ਹੈ, ਜਿਸ ਦੇ ਬਿਖੇ ਰਸਾਂ ਨੂੰ ਚਖ ਚਖ ਕੇ ਓਹਨਾਂ ਦੇ ਪੱਲੇ ਦੱਝਣਾ ਤੇ ਬਿਲਲਾਉਣਾ ਹੀ ਰਹਿੰਦਾ ਹੈ। ਸਤਿਗੁਰੂ ਬਾਝੋਂ ਸਚੇ ਮਹੱਲ ਦੀ ਪ੍ਰਾਪਤੀ ਕਦੇ ਨਹੀਂ ਹੁੰਦੀ ਅਤੇ ਨਾ ਹੀ ਨਿਗੁਰੇ ਗੁਤਮੰਤ੍ਰ ਹੀਣਸ ਪ੍ਰਾਣੀਆਂ ਨੂੰ ਅੰਮ੍ਰਿਤ ਫਲ ਦੀ ਪ੍ਰਾਪਤੀ ਹੁੰਦੀ ਹੈ। ਇਸ ਸੰਸਾਰ ਬਿਰਖ ਦੀਆਂ ਸ਼ਾਖਾਂ ਟਹਿਣੀਆਂ ਜਿਨ੍ਹਾਂ ਉਪਰ ਉਹ ਟਪੂਸੀਆਂ ਮਾਰਦੇ ਫਿਰਦੇ ਹਨ, ਨਿਰੀਆਂ ਤ੍ਰੈਗੁਣੀ ਮਾਇਆ ਦੀਆਂ ਵਧੀਆਂ ਹੋਈਆਂ ਲਗਰਾਂ (ਵਿਸ ਗੰਦਲਾਂ) ਹਨ। ਇਹਨਾਂ ਤ੍ਰੈਗੁਣ ਸ਼ਾਖਾਂ ਦੀ ਵਿਸ ਕੇਵਲ ਇਕੋ ਗੁਰਮਤ ਨਾਮ ਗੁਰਮੰਤ੍ਰ ਦੀ ਅਤੁਟ ਅਭਿਆਸ ਕਮਾਈ ਦੁਆਰਾ ਹੀ ਨਿਵਾਰੀ ਜਾ ਸਕਦੀ ਹੈ। ਬੱਸ! ਅੰਮ੍ਰਿਤ ਫਲ ਇਕੋ ਨਾਮ ਹੀ ਹੈ। ਇਸ ਨੂੰ ਸੋਈ ਖਾਂਦਾ ਹੈ, ਜਿਸ ਨੂੰ ਵਾਹਿਗੁਰੂ

ਆਪਿ ਕਿਰਪਾ ਕਰਿ ਖੁਆਉਂਦਾ ਹੈ। ਨਾਮ ਤੋਂ ਬੇਮੁਖ ਮਨਮੁਖੀਏ ਪੁਰਸ਼ ਬਿਖੇ ਰਸਾਂ ਵਿਚ ਖੁਆਰ ਹੋਇ ਹੋਇ ਕੇ ਹੀ ਮੁਕ ਜਾਂਦੇ ਹਨ। ਤਿਨ੍ਹਾਂ ਸੋਕੜ ਸਾਕਤ ਉਭ ਮੁਖੀਏ ਪੁਰਸ਼ਾਂ ਦੇ ਪਾਸ ਭੀ ਨਹੀਂ ਬੈਠਣਾ ਚਾਹੀਦਾ, ਉਹ ਨਿਗੁਰੇ, ਨਿਘਰੇ ਨਿਗੁੰਸਾਏ ਜੁ ਹੋਏ। ਓਹ ਨਿਤ ਨਿਤ ਕਟਿ ਕਟਿ ਜਲਿ ਜਲਿ ਮਰਦੇ ਹਨ। ਇਹਨਾਂ ਦੇ ਭਾਗਾਂ ਵਿਚ ਨਾ ਗੁਰੂ ਦਾ ਦੀਖਤ ਸ਼ਬਦ ਗੁਰਮੰਤ੍ਰ ਹੈ, ਨਾ ਹੀ ਨਾਮ ਅਭਿਆਸ ਹੈ। ਇਸ ਗੁਰ ਸ਼ਬਦ ਬਿਨਾਂ ਸਾਰਾ ਜਗ ਬਉਰਾਨਿਆ ਫਿਰਦਾ ਹੈ ਅਤੇ ਬਿਰਥਾ ਜਨਮ ਗਵਾ ਰਹਿਆ ਹੈ। ਬੜੇ ਬੜੇ ਪਦਾਰਥਾਂ ਵਾਲੇ ਰਾਜੇ ਭੂਮੀਏ ਭੀ ਏਸ ਰਸ ਘੁਮਣ ਘੇਰੀ ਵਿਚਿ ਠਹਿਚਲੇ ਫਿਰਦੇ ਹਨ। ਆਹਾ ! ਇਸ ਪਰਥਾਇ ਕੈਸਾ ਗੁਰਵਾਕ ਇੰਨ ਬਿੰਨ ਘਟਦਾ ਯਾਦ ਆਇਆ ਹੈ। ਯਥਾ ਗੁਰਵਾਕ:-

"ਵਡੇ ਵਡੇ ਰਾਜਨ ਅਰ ਭੂਮਨ ਤਾਕੀ ਤ੍ਰਿਸਨ ਨ ਬੂਝੀ॥ ਲਪਟਿ ਰਹੈ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ ॥ ੧ ॥ ਬਿਖਿਆ ਮਹਿ ਕਿਨ ਹੀ ਤ੍ਰਿਪਤ ਨ ਪਾਈ ॥ ਜਿਉ ਪਾਵਕ ਈਧਨ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ ॥ ੧ ॥ ਰਹਾਉ ॥ ਦਿਨ ਦਿਨ ਕਰਤ ਭੋਜਨ ਬਹੁ ਬਿੰਜਨ ਤਾਕੀ ਮਿਟੈ ਨ ਭੂਖਾ ॥ ਉਦਮ ਕਰੈ ਸੁਆਨ ਕੀ ਨਿਆਈ ਚਾਰੇ ਕੁੰਟਾਂ ਘੋਖਾ ॥ ੨ ॥ ਕਾਮਵੰਤ ਕਾਮੀ ਬਹੁ

ਨਾਰੀ ਪਰ ਗ੍ਰਿਹ ਜੋਹ ਨ ਚੂਕੈ ॥ ਦਿਨ ਪ੍ਰਤਿ ਕਰੈ ਕਰੈ ਪਛਤਾਪੈ ਸੋਗ ਲੋਭ ਮਹਿ ਸੂਕੈ ॥ ੩ ॥ ਹਰਿ ਹਰਿ ਨਾਮੁ ਅਪਾਰ ਅਮੋਲਾ ਅੰਮ੍ਰਿਤੁ ਏਕੁ ਨਿਧਾਨਾ ॥ ਸੂਖ ਸਹਜ ਆਨੰਦ ਸੰਤਨ ਕੈ ਨਾਨਕ ਗੁਰ ਤੇ ਜਾਨਾ ॥"

ਸਚਾ ਅਨੰਦ ਤੇ ਤਨ ਮਨ ਦਾ ਮਉਲਣਾ

"ਲਵੈ ਨ ਲਾਗਨ ਕਉ ਹੈ ਕਛੂਐ ਜਾ ਕਉ ਫਿਰਿ ਇਹੁ ਧਾਵੈ ॥ ਜਾ ਕਉ ਗੁਰਿ ਦੀਨੋ ਇਹੁ ਅੰਮ੍ਰਿਤੁ ਤਿਸ ਹੀ ਕਉ ਬਨਿ ਆਵੈ ॥੧॥ ਜਾਕਉ ਆਇਓ ਏਕੁ ਰਸਾ ॥ ਖਾਨ ਪਾਨ ਆਨ ਨਹੀਂ ਖੁਧਿਆ ਤਾਕੈ ਚਿਤਿ ਨ ਬਸਾ ॥ ੧ ॥ ਰਹਾਉ ॥ ਮਉਲਿਓ ਮਨੁ ਤਨੁ ਹੋਇਓ ਹਰਿਆ ਏਕ ਬੂੰਦ ਜਿਨ ਪਾਈ ॥ ਬਰਨ ਨ ਸਾਕਉ ਉਸਤਤਿ ਤਾਕੀ ਕੀਮਤਿ ਕਹਣ ਨ ਜਾਈ ॥ ੨ ॥......"

ਇਸ ਗੁਰਵਾਕ ਤੋਂ ਨਿਰਣੇ ਕਰਕੇ ਏਹ ਗੁਰਮਤਿ ਅਸੂਲ ਦ੍ਰਿੜ੍ਹ ਹੁੰਦਾ ਹੈ ਕਿ ਜਿਵੇਂ–

"ਆਨੰਦ ਆਨੰਦ ਸਭੁ ਕੋ ਕਹੈ
ਅਨੰਦ ਗੁਰੂ ਤੇ ਜਾਣਿਆ ॥"

ਵਾਲੀ ਗੁਰ-ਪੰਗਤੀ ਅੰਦਰ ਸਚੇ ਅਨੰਦ ਤੱਤ ਪਰਮਾਰਥੀ ਅਨੰਦ ਦੀ ਸਚਾਈ ਦਰਸਾਈ ਹੈ ਕਿ ਐਵੇਂ ਅਨੰਦ ਅਨੰਦ

ਤਾਂ ਸਾਰੀ ਲੁਕਾਈ ਹੀ ਕਹਿੰਦੀ ਫਿਰਦੀ ਹੈ ਪਰ ਤੱਤ ਸਾਰ ਅਨੰਦ ਦੀ ਸਾਰ ਗੁਰੂ ਦੁਆਰੇ ਹੀ ਜਾਣੀ ਜਾਂਦੀ ਹੈ, ਤਿਵੇਂ ਹੀ ਅੰਮ੍ਰਿਤ ਅੰਮ੍ਰਿਤ ਭੀ ਜਣਾ ਕਣਾ ਕਬਦਾ ਫਿਰਦਾ ਹੈ। ਆਪੇ ਹੀ ਇਸ ਅੰਮ੍ਰਿਤ ਦੀ ਸਾਰ ਕਉਣ ਜਾਣ ਸਕਦਾ ਹੈ। ਬਸ:—

"ਜਾਕਉ ਗੁਰਿ ਦੀਨੋ ਇਹੁ ਅੰਮ੍ਰਿਤ
ਤਿਸ ਹੀ ਕਉ ਬਨਿ ਆਵੈ ॥"

ਜਿਸ ਨੂੰ ਇਸ ਇਕੋ ਅੰਮ੍ਰਿਤ ਰਸ ਦਾ ਸੱਚਾ ਸੁਆਦ ਆ ਗਿਆ ਹੈ, ਉਸ ਦੇ ਚਿਤ ਵਿਚ ਹੋਰ ਰਸਾਂ ਕਸਾਂ ਦੇ ਖਾਨ ਪਾਨ ਦੀ ਖ਼ੁਧਿਆ ਤ੍ਰਿਸ਼ਨਾਂ ਪਰਬਲ ਪੇ ਹੀ ਨਹੀਂ ਸਕਦੀ। ਗੁਰੂ ਦੁਆਰੇ ਹੋਇਕੇ ਅੰਮ੍ਰਿਤ ਰਸ ਰਸੰਨੜੇ ਅੰਮ੍ਰਿਤ-ਬੂੰਦ ਬੁਰਕੜੇ ਤੱਤ ਨਾਮ ਕਮਾਈ ਵਾਲੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਜਿਨ੍ਹਾਂ ਦੇ ਅੰਦਰ ਇਸ ਅੰਮ੍ਰਿਤ ਦੀ ਇਕ ਕਣੀ ਭੀ ਪਰਵੇਸ਼ ਹੋ ਗਈ ਹੈ, ਉਸ ਦਾ ਮਨ ਤਨ ਮਉਲ ਉਠਿਆ ਹੈ ਅਤੇ ਸੁਕਿਓਂ ਹਰਾ ਹੋ ਗਿਆ ਹੈ। ਇਸ ਅੰਮ੍ਰਿਤ ਮਉਲਣ ਦੀ ਦਸ਼ਾ ਦੀ ਮਹਿਮਾ ਵਰਣਨ ਹੀ ਨਹੀਂ ਹੋ ਸਕਦੀ ਅਤੇ ਕੀਮਤਿ ਕਹੀ ਨਹੀਂ ਜਾ ਸਕਦੀ। ਐਸੇ ਅੰਮ੍ਰਿਤਧਾਰੀਆਂ ਦਾ ਛਕਿਆ ਹੋਇਆ ਅੰਮ੍ਰਿਤ ਕਦੇ ਅਨ-ਅੰਮ੍ਰਿਤ ਹੋ ਹੀ ਨਹੀਂ ਸਕਦਾ ਕਿਉਂਕਿ ਉਹ ਸਦਾ ਹੀ ਇਸ ਅੰਮ੍ਰਿਤ ਬੂੰਦ ਦੇ ਚਾਤ੍ਰਿਕ

ਵਾਪਾਰੀ ਰਹਿੰਦੇ ਹਨ। ਅੰਦਰ ਪਰਵੇਸ਼ ਹੋਈ ਅੰਮ੍ਰਿਤ ਬੂੰਦ ਨੂੰ, ਇਕ ਵਾਰ ਅੰਦਰ ਵਸਾ ਕੇ ਫਿਰ ਉਹ ਇਸ ਨੂੰ ਵਿਸਾਰ ਨਹੀਂ ਦਿੰਦੇ। ਅਤੁਟ ਅਭਿਆਸ ਦੁਆਰਾ ਇਸ ਨੂੰ ਕਮਾਉਂਦੇ ਰਹਿੰਦੇ ਹਨ ਅਤੇ ਇਹ ਨਾਮ ਅੰਮ੍ਰਿਤ ਰਸ ਦਿਨੋ ਦਿਨ ਵਧਦਾ ਰਹਿੰਦਾ ਹੈ। ਵਧੋ ਵਧ ਅੰਮ੍ਰਿਤ ਵਿਗਾਸ ਵਿਚ ਅੰਮ੍ਰਿਤ ਰਸੰਨੀ ਬਿਰਤੀ ਕਦੇ ਭੀ ਤ੍ਰੋਟ ਵਿਚ ਨਹੀਂ ਆਉਂਦੀ। ਤੱਟੇ ਵਾਲੀਆਂ ਬਿਰਤੀਆਂ ਅੰਮ੍ਰਿਤ ਰਸ ਤੋਂ ਤੁੱਟੀਆਂ ਨਿਖੁੱਟੀਆਂ ਹੋਈਆਂ ਸੁਰਤੀਆਂ ਭਾਂਤ ਭਾਂਤ ਦੀਆਂ ਬਿਖੇ ਚੋਗ ਫਾਸਾਂ ਵਿਚ ਜਾ ਫਸਦੀਆਂ ਹਨ। ਬਿਖੇ ਰਸ ਫ੍ਹਾਸਾਂ ਵਿਚ ਫਾਥੇ ਹੋਏ ਜੰਤ ਬਿਖੇ ਠਗਉਰੀ ਖਾਇ ਖਾਇ ਅਤੇ ਹਰਿ ਚੰਦਉਰੀ ਵਿਖੇ ਉਰਝਾਇ ਉਰ-ਝਾਇ ਉਹ ਉਹ ਕਰਮ ਕਰਤੂਤਾਂ ਕਰ ਬੈਠਦੇ ਹਨ, ਜਿਨ੍ਹਾਂ ਦੇ ਕਰਮ ਕਰਿ ਸ਼ਰਮਿੰਦਗੀ ਉਠਾਉਣੀ ਪੈਂਦੀ ਹੈ। ਐਸੀਆਂ ਕਰਮ ਕਰਤੂਤੀ ਸ਼ਰਮਿੰਦਗੀਆਂ ਵਾਲੀਆਂ ਕਰੀਤਾਂ ਹੀ ਪਤਿਤ ਕੁਕਰਮੀ ਕੁਰਹਿਤਾਂ ਹਨ। ਏਹ ਓਦੋਂ ਹੀ ਹੁੰਦੀਆਂ ਹਨ, ਜਦੋਂ ਅੰਮ੍ਰਿਤ ਅੰਮ੍ਰਿਤ ਨਹੀਂ ਰਹਿੰਦਾ। ਪੁਰਸ਼ ਆਪਣੀ ਕਰਨੀ ਕਰਿ ਹੀ ਅੰਮ੍ਰਿਤ ਖੁਆਉਂਦੇ ਹਨ। ਆਪਣੀ ਕਰਨੀ ਕਰ ਹੀ ਪਤਿਤ ਕਰਮਾਂ ਦੀ ਸਜ਼ਾ ਭੁਗਤਦੇ ਹਨ। ਏਦੂੰ ਵਧਕੇ ਹੋਰ ਸਜ਼ਾ ਹੀ ਕੀ ਹੋਈ ? ਜੇ ਉਹ ਪਤਿਤ ਨ ਗਰਦਾਨਿਆ ਗਿਆ, ਸੁੱਕੀਆਂ ਪ੍ਰ ਸਚਿਤੀ ਸਜ਼ਾਵਾਂ ਸਹਿਕੇ ਉਹ ਸੁਰਜੀਤ ਨਹੀਂ

ਹੋ ਸਕਦਾ। ਸਜ਼ਾਵਾਂ ਤੌਨ ਭੀ ਉਸ ਨੂੰ ਲਗਣਗੇ ਪਰ ਓਹ ਪਤਿਤ ਦਸ਼ਾ ਤੇ ਸੁਰਜੀਤ ਅਮਰੀਤ ਤਦੇ ਹੀ ਹੋਵੇਗਾ, ਜੇ ਉਸਨੂੰ ਬਹੁੜ ਅੰਮ੍ਰਿਤ ਛਕਾਇਆ ਜਾਵੇਗਾ ਅਤੇ ਤੱਤ ਬੂੰਦ ਅੰਮ੍ਰਿਤ ਛਕਾਇਆ ਜਾਵੇਗਾ। ਦੇਖੋ ਕਰਮ ਕਰਤੂਤੀ ਪਤਿਤ ਕਰਮਾਂ ਦੀ ਇਸ ਅਗਲੇ ਗੁਰਵਾਕ ਵਿਖੇ ਕੈਸੀ ਭਿਅੰਕਰ ਦਸ਼ਾ ਦਿਖਾਈ ਹੈ:-

ਧਨਾਸਰੀ ਮਹਲਾ ੫ ॥ ਜਿਹ ਕਰਣੀ ਹੋਵਹਿ ਸ਼ਰਮਿੰਦਾ ਇਹਾ ਕਮਾਣੀ ਰੀਤਿ। ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜੀ ਬਿਪਰੀਤਿ ॥ ੧ ॥ ਮਾਇਆ ਮੋਹ ਭੂਲੋ ਅਵਰੈ ਹੀਤ। ਹਰਿ ਚੰਦਉਰੀ ਬਨਹਰਿ ਪਾਤਰੋ ਇਹੈ ਤੁਹਾਰੋ ਬੀਤ ॥ ੧ ॥ ਰਹਾਉ ॥ ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ ॥ ਅੰਮ੍ਰਿਤ ਸੰਗਿ ਨਾਹਿ ਰੁਚਿ ਆਵਤ ਬਿਖੈ ਠਗਉਰੀ ਪ੍ਰੀਤਿ ॥ ੨ ॥ ਉਤਮ ਸੰਤ ਭਲੇ ਸੰਜੋਗੀ ਇਸ ਜਗ ਮਹਿ ਪਵਿਤ ਪੁਨੀਤ॥ ਜਾਤ ਅਕਾਰਥ ਜਨਮ ਪਦਾਰਥ ਕਾਚ ਬਾਦਰੈ ਜੀਤ ॥ ੩॥ ਜਨਮ ਜਨਮ ਕੇ ਕਿਲ ਵਿਖ ਦੁਖ ਭਾਗੇ ਗੁਰ ਗਿਆਨ ਅੰਜਨ ਨੇਤ੍ਰੀ ਦੀਤ ॥ ਸਾਧ ਸੰਗਿ ਇਨ ਦੁਖਤੇ ਨਿਕਸਿਓ ਨਾਨਕ ਏਕ ਪਰੀਤਿ ॥੪। ੯॥"

ਇਸ ਗੁਰਵਾਕ ਤੋਂ ਏਹ ਗਲ ਭੀ ਦ੍ਰਿੜ ਹੁੰਦੀ ਹੈ ਕਿ ਕਚਹੁੰ ਕੰਚਨ ਕਰਨ ਨੂੰ ਗੁਰੂ ਅਤੇ ਗੁਰੂ ਦੀ ਪੰਜੀਂ ਪ੍ਰਮੇਸਰ ਸ਼ਾਧ ਸੰਗ ਅਤੇ ਗੁਰ ਗਿਆਨ ਪਦਾਰਥ ਅੰਮ੍ਰਿਤ ਅਤੇ ਅੰਮ੍ਰਿਤ ਨਾਮ ਹੀ ਸਮਰਥ ਹੈ। ਐਸੀ ਪਾਰਸ ਕਲਾ ਵਰਤੇ ਬਾਝੋਂ ਕਾਠ ਲੋਹਾ, ਕੰਚਨ ਕਿਵੇਂ ਹੋਵੇਗਾ। ਬਿਖੈ ਠਗਉਰੀ ਫਾਥੇ ਗਰਧਭ (ਗਧੇ) ਨੂੰ ਅੰਮ੍ਰਿਤ ਸੰਗਿ ਰੁਚੀ ਹੀ ਨਹੀਂ ਆਵਣੀ ਜਦੋਂ ਤਾਈਂ ਓਸਦੀ ਬਿਖੇ ਭਸਮ ਸੰਗਿ ਖਿਚੋਤਾਣੀ ਮੋਹ ਪ੍ਰੀਤ ਹੈ। ਸਤਿਗੁਰੂ ਦਾ ਬਹੁੜ ਅੰਮ੍ਰਿਤਧਾਰੀ ਸਿਖ ਬਣੇ ਬਿਨਾਂ ਅਤੇ ਨਵੇਂ ਸਿਰਿਓਂ ਅੰਮ੍ਰਿਤ ਦੀ ਜਾਗ ਲਗੇ ਬਿਨਾਂ ਓਹ ਇਸ ਮਿਰਤਕ ਦਸ਼ਾ ਤੋਂ ਕਿਉਂਕਰਿ ਸੁਰਜੀਤ ਹੋ ਸਕਦਾ ਹੈ? ਪਤਿਤ ਕਰਮ ਕਰਨ ਕਰਕੇ ਜਿਸ ਜੀਉ ਉਤੇ ਮੁਰਦਿਹਾਣ ਵਰਤ ਚੁਕੀ ਹੋਵੇ, ਓਸਨੂੰ ਨਵਜਨਮਾ ਕਰਨ ਦੀ ਅਵੱਸ਼ ਲੋੜ ਹੈ, ਏਹ ਕੇਵਲ ਅੰਮ੍ਰਿਤ ਛਕਾਉਣ ਦੁਆਰਾ ਹੀ ਪੂਰੀ ਹੋ ਸਕਦੀ ਹੈ।

ਅੰਮ੍ਰਿਤ ਕਿਵੇਂ ਤੁੱਟਦਾ ਤੇ ਵਿਗੜਦਾ ਹੈ?

ਏਹ ਕਹਿਣਾ ਕਿ ਪਤਿਤ ਕਰਮਾਂ ਦੁਆਰਾ ਕੁਛ ਨਹੀਂ ਵਿਗੜਦਾ, ਅੰਮ੍ਰਿਤ ਹਰ ਹਾਲਤ ਵਿਚ ਅੰਮ੍ਰਿਤ ਹੀ ਰਹਿੰਦਾ ਹੈ, ਐਸਾ ਕਹਿਣ-ਹਾਰਿਆਂ ਦਾ ਇਹ ਕਥਨ ਕਲਪਣਾ ਮਿਥਿਆ ਹੈ। ਸਭ ਪਤਿਤ ਕਰਮ

ਪੰਜਾਂ ਵਿਕਾਰਾਂ ਤੋਂ ਉਪਜਦੇ ਹਨ, ਮਾਨਸ ਦੇਹੀ ਅੰਦਰ ਇਹਨਾਂ ਪੰਜਾਂ ਵਿਕਾਰਾਂ ਦਾ ਹੀ ਰਾਜ ਹੈ। ਪੰਚ ਭੂਤਕ ਮਾਨੁਖਾ ਦੇਹੀ ਏਹਨਾਂ ਪੰਜਾਂ ਵਿਕਾਰਾਂ ਨਾਲ ਖਚਾ ਖਚ ਭਰੀ ਪਈ ਹੈ। ਜਿਤਨੇ ਭੀ ਵਿਕਰਮ ਹਨ, ਮਨੁੱਖ ਏਹਨਾਂ ਪੰਜਾਂ ਵਿਕਾਰਾਂ ਦੇ ਅਧੀਨ ਹੋ ਕੇ ਹੀ ਕਮਾਉਂਦਾ ਹੈ। ਇਹਨਾਂ ਵਿਕਾਰਾਂ ਤੋਂ ਹੋੜਨਹਾਰਾ ਕੋਈ ਨਹੀਂ। ਆਪੇ ਏਹਨਾਂ ਤੋਂ ਬਚਿਆ ਨਹੀਂ ਜਾ ਸਕਦਾ। ਸਾਰੇ ਸੰਸਾਰ ਅੰਦਰ ਹੀ ਇਹ ਅੰਧ ਵਰਤਾਰਾ ਵਰਤ ਰਹਿਆ ਹੈ ਅਤੇ ਬਾਝ ਗੁਰੂ ਘੋਰ ਅੰਧਾਰਾ ਅਤੇ ਤਿਮਰ ਗੁਬਾਰਾ ਹੀ ਚਾਰ ਚੁਫੇਰੇ ਛਾ ਰਹਿਆ ਹੈ। ਇਹਨਾਂ ਅੰਧ ਧੁੰਧ ਵਹਿਣਾਂ ਵਿਚ ਰੁੜ੍ਹੀ ਜਾਂਦੀ ਲੋਕਾਈ ਨੂੰ ਜੇ ਸਹਾਰਾ ਹੈ ਤਾਂ ਸਚੇ ਸਤਿਗੁਰੂ ਦੇ ਪਤਿਤ ਪਾਵਨ ਪਤਿਤ ਉਧਾਰਨ ਅੰਮ੍ਰਿਤ ਦਾ। ਅਤੇ ਏਹ ਅੰਮ੍ਰਿਤ ਜਿਸਨੋ ਸੁਰਨਰ ਮੁਨਿ ਜਨ ਲੋਚਦੇ ਰਹੇ ਅਤੇ ਲੋਚਿ ਲੋਚਿ ਰਹਿ ਥਕੇ, ਕੇਵਲ ਸਤਿਗੁਰੂ ਦੇ ਘਰੋਂ ਦੁਆਰਿਓਂ ਦਰ ਦਰਬਾਰਿਓਂ ਹੀ ਪਾਇਆ ਜਾ ਸਕਦਾ ਹੈ। ਗੁਰੂ ਦੁਆਰਿਓਂ ਇਸ ਅੰਮ੍ਰਿਤ ਨੂੰ ਪਾ ਕੇ ਭੀ ਸੁਚੇਤ ਰਹਿਣਾ ਪੈਂਦਾ ਹੈ, ਨਹੀਂ ਤਾਂ ਪੰਚ ਵਿਕਾਰ ਰੂਪੀ ਚੋਰ ਇਸ ਅੰਮ੍ਰਿਤ ਨੂੰ ਲੁਟ ਲੈਂਦੇ ਹਨ। ਪੰਜਾਂ ਵਿਕਾਰਾਂ ਦੇ ਦਮਨ ਕਰਨ ਨੂੰ ਅੰਮ੍ਰਿਤ ਅਤੇ ਅੰਮ੍ਰਿਤ ਛਕਣ ਸਮੇਂ ਦਸਿਆ ਦ੍ਰਿੜਾਇਆ ਅੰਮ੍ਰਿਤ ਪਥ ਹੀ ਸਮਰਥ ਹੈ। ਇਸ ਅੰਮ੍ਰਿਤ ਪਥ ਤੋਂ ਅਵੇਸਲੇ ਹੋਇਆਂ ਪੰਚ ਵਿਕਾਰਾਂ ਦੇ ਫੇਰ

ਉਪਜ ਪੈਣ ਦਾ ਖਤਰਾ ਹੈ, ਕਿਉਂਕਿ ਅੰਮ੍ਰਿਤ ਦਾ ਪਥ ਨਾ ਰਖਿਆਂ ਅੰਮ੍ਰਿਤ ਵਥ ਨੂੰ ਛਡ ਕੇ ਕੁਪੱਥੀ ਸਿਖ ਜਗਿਆਸੂ ਬਿਖਿਆ ਵਿਹਾਜਣ ਲੱਗ ਪੈਂਦੇ ਹਨ। "ਅੰਮ੍ਰਿਤ ਛੋਡਿ ਬਿਖਿਆ ਲੋਭਾਣੇ" ਵਾਲਾ ਵਰਤਾਰਾ ਵਰਤ ਜਾਂਦਾ ਹੈ, ਬੱਸ ਇਕ ਵਾਰ ਅੰਮ੍ਰਿਤ ਕਲਾ ਤੋਂ ਖਿਸਕਿਆ ਫੇਰ ਤਾਂ ਬਿਖਿਆ ਲੁਭਤ ਲੁਭਾਣੇ ਜੰਤਾਂ ਦਾ ਗਤਿ ਵਤੀਰਾ ਇਸ ਹੇਠਲੇ ਗੁਰਵਾਕ ਵਿਚ ਦਰਸਾਏ ਭਾਵ ਵਾਲਾ ਹੋ ਜਾਂਦਾ ਹੈ :-

> "ਅੰਮ੍ਰਿਤ ਛੋਡਿ ਬਿਖ ਲਗੇ ਬਿਖੁ ਖਟਣਾ ਬਿਖੁ ਰਾਸਿ ॥ ਬਿਖ ਖਾਣਾ ਬਿਖ ਪੈਨਣਾ ਬਿਖ ਕੇ ਮੁਖ ਗਿਰਾਸ ॥ ਐਥੈ ਦੁਖੋ ਦੁਖ ਕਮਾਵਣਾ ਮੋਇਆ ਨਰਕਿ ਨਿਵਾਸ ॥ ਮਨਮੁਖਿ ਮੁਹਿ ਮੈਲੈ ਸਬਦ ਨ ਜਾਣਨੀ ਕਾਮ ਕ੍ਰੋਧਿ ਵਿਣਾਸ ॥ ਸਤਿਗੁਰ ਕਾ ਭਉ ਛੋਡਿਆ ਮਨ ਹਠਿ ਕੰਮ ਨ ਆਵੈ ਰਾਸਿ ॥ ਜਮਪੁਰਿ ਬਧੇ ਮਾਰੀਅਹਿ ਕੋ ਨ ਸੁਣੈ ਅਰਦਾਸਿ ॥ ਨਾਨਕ ਪੂਰਬ ਲਿਖਿਆ ਕਮਾਵਣਾ ਗੁਰਮੁਖਿ ਨਾਮਿ ਨਿਵਾਸ ॥"

ਇਸ ਗੁਰਵਾਕ ਅੰਦਰਿ ਦਸੀ ਜੋ ਗਤੀ ਅੰਮ੍ਰਿਤੁ ਛੱਡ ਕੇ ਬਿਖ ਵਲ ਲਗੇ ਬੇ-ਮੁਖ ਸਿਖਾਂ ਦੀ ਹੁੰਦੀ ਹੈ, ਬੜੀ ਭਿਅੰਕਾਰ ਹੈ, ਪਰ ਜਿਨ੍ਹਾਂ ਨੇ "ਸਤਿਗੁਰੂ ਕਾ ਭਉ

ਛੋਡਿਆ" ਹੈ, ਉਹਨਾਂ ਬਿਖ ਦੇ ਕੀੜਿਆਂ ਨੂੰ ਇਹ ਗਤੀ ਭਿਅੰਕਰ ਪ੍ਰਤੀਤ ਹੀ ਨਹੀਂ ਹੁੰਦੀ। ਓਹਨਾਂ ਮਨਮੁਖੀ ਅਮੋੜਾਂ ਨੂੰ ਇਹਨਾਂ ਬਿਖੇ ਵਿਕਾਰਾਂ ਵਲੋਂ ਮੂੰਹਿ ਮੋੜਨ ਦਾ ਅਹਿਸਾਸ ਹੀ ਨਹੀਂ ਰਹਿੰਦਾ। ਉਨ੍ਹਾਂ ਮੂਹ ਮੈਲੇ ਮਨਮੁਖੀ ਬਿਖਈ ਜੰਤਾਂ ਨੂੰ ਆਪੋ ਬਹੁੜ ਗੁਰਮਤਿ ਅਤੇ ਗੁਰਸ਼ਬਦ ਗੁਰਮੰਤ੍ਰ ਨਾਮ ਅੰਮ੍ਰਿਤ ਪ੍ਰਾਪਤ ਹੀ ਨਹੀਂ ਹੋ ਸਕਦੇ। ਆਪਣੇ ਮਨ ਤਨ ਦੁਆਰਾ ਓਹ ਇਸ ਨਰਕ ਗਰਤ ਦਸ਼ਾ ਤੋਂ ਉਭਰ ਹੀ ਨਹੀਂ ਸਕਦੇ। ਗੁਰ ਸ਼ਬਦੁ ਗੁਰਦੀਖਿਆ ਗੁਰਦੀਖਤ ਅਤੇ ਗੁਰਪਰਵਾਨਤ ਅੰਮ੍ਰਿਤ ਵਲੋਂ ਹੀ ਗੁਮ-ਰਾਹ ਅਤੇ ਉਕੇ ਅਵਾਣ ਹੋ ਜਾਂਦੇ ਹਨ। ਓਹਨਾਂ ਦੀ ਬਿਪ੍ਰੀਤ ਬੁਧੀ ਕਾਮ ਕ੍ਰੋਧ ਆਦਿਕ ਵਿਸ਼ਿਆਂ ਵਿਚਿ ਗਰਕ ਹੋ ਕੇ ਵਿਣਾਸ ਹੋ ਜਾਂਦੀ ਹੈ ਅਤੇ ਸਤਿਗੁਰੂ ਦੇ ਭੈ ਤੋਂ ਹੀਣ ਖੀਣ ਹੋਏ ਹੋਏ ਵਿਸ਼ੇ ਵਿਕਾਰਾਂ ਦੇ ਵਹਿਣਾਂ ਵਿਚਿ ਤੁੜ੍ਹੇ ਤੁਰੇ ਜਾਂਦੇ ਹਨ, ਏਹਨਾਂ ਕਾਮ ਕ੍ਰੋਧ ਆਦਿਕ ਦੂਤਾਂ ਦਾ ਪਹਿਲਾਂ ਹੀ ਮਾਨੁਖਾ ਦੇਹੀ ਅੰਦਰਿ ਵਾਸਾ ਹੁੰਦਾ ਹੈ, ਗੁਰੂ ਅਤੇ ਗੁਰਮਤ ਨਾਮ ਤੋਂ ਏਮੁਖ ਹੋ ਕੇ ਅਤੇ ਗੁਰ ਅੰਮ੍ਰਿਤ ਪਾਤਕੀ ਹੋ ਕੇ ਓਹ ਓਹਨਾਂ ਹੀ ਦੂਤਾਂ ਦੇ ਫੰਦੇ ਵਿਚਿ ਫੇਰ ਫਸ ਜਾਂਦੇ ਹਨ। ਇਹ ਮੰਦ ਗਤੀ ਵਾਲੀ ਦਸ਼ਾ ਦਾ ਨਕਸ਼ਾ ਇਸ ਅਗਲੇਰੇ ਗੁਰਵਾਕ ਦੀਆਂ ਪਹਿਲੀਆਂ ਪੰਗਤੀਆਂ ਅੰਦਰਿ ਇਸ ਬਿਧ ਖਿਚਿਆ ਗਿਆ ਹੈ:—

"ਇਸ ਦੇਹੀ ਅੰਦਰ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥ ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੁਕਾਰਾ ॥ ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥ ਹਉਮੈ ਮੇਰਾ ਕਰਿ ਕਰਿ ਵਿਗੁਤੇ ਕਿਹੁ ਚਲੈ ਨ ਚਲਦਿਆ ਨਾਲਿ ॥ ਗੁਰਮੁਖਿ ਹੋਵੈ ਸੁ ਨਾਮ ਧਿਆਵੈ ਸਦਾ ਹਰਿ ਨਾਮੁ ਸਮਾਲਿ ॥ ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲ ॥ ੩ ॥ ਸਤਿਗੁਰ ਗਿਆਨੁ ਸਦਾ ਘਟਿ ਚਾਨਣ ਅਮਰ ਸਿਰਿ ਬਾਦਿਸਾਹਾ ॥ ਅਨਦਿਨੁ ਭਗਤਿ ਕਰਹਿ ਦਿਨ ਰਾਤੀ ਰਾਮੁ ਨਾਮੁ ਸਚੁ ਲਾਹਾ ॥ ਨਾਨਕ ਰਾਮਿ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ ॥ ੪ ॥

ਇਸ ਗੁਰਵਾਕ ਦੀਆਂ ਪਿਛਲੀਆਂ ਪੰਗਤੀਆਂ ਸਾਫ ਸਪਸ਼ਟ ਕਰਦੀਆਂ ਹਨ ਕਿ ਪਤਿਤ ਹੋਇਆ ਪ੍ਰਾਣੀ ਪਤਿਤ ਦਸ਼ਾ ਤੋਂ ਉੱਭਰ ਕੇ ਜੇ ਫੇਰ ਗੁਰਮੁਖ ਬਣਿ ਜਾਵੇ ਤਾਂ ਹੀ ਉਹ ਬਹੁੜ ਨਾਮ ਧਿਆਵਨ ਵਾਲੀ ਸੁਰਤਿ ਬਿਰਤ ਨੂੰ ਸੰਭਾਲ ਸਕਦਾ ਹੈ ਅਤੇ ਇਤ ਬਿਧਿ ਹੀ ਉਸ ਦਾ ਨਿਸਤਾਰਾ ਫੇਰ ਹੋ ਸਕਦਾ ਹੈ। ਗੁਰਮੁਖ ਗੁਰੂ ਕਾ ਸਿਖ ਉਹ ਤਦੇ ਬਣ ਸਕਦਾ ਹੈ ਜੇ ਫੇਰ ਉਹ ਅੰਮ੍ਰਿਤ ਛਕੇ, ਗੁਰੂ ਦੁਆਰੈ, ਹੋਇਕੇ ਨਾਮ ਕਮਾਈ ਵਾਲੇ ਪੰਜਾਂ ਗੁਰਮੁਖ

ਪਿਆਰਿਆਂ ਤੋਂ ਅੰਮ੍ਰਿਤ ਛਕੇ ਅਤੇ ਗੁਰਮੁਖ ਪਦਵੀ ਦੀ ਅਸਥਿਰਤਾ ਤਦੇ ਹੀ ਰਹਿ ਸਕਦੀ ਹੈ, ਜੇਕਰ ਇਕ ਵਾਰ ਅੰਮ੍ਰਿਤ ਨਾਮ ਸੰਮਾਲ ਕੇ ਸਦਾ ਹੀ ਸੰਮਾਲੀ ਰਖੇ, ਖਿਨ ਖਿਨ ਨਾਮ ਅਭਿਆਸ ਕਮਾਈਆਂ ਕਰਦਾ ਰਹੇ। ਨਾਮ ਅਭਿਆਸ ਨੂੰ ਅਰੁਕ ਰਖਣ ਲਈ ਸੱਚੀ ਬਾਣੀ ਧੁਰ ਕੀ ਬਾਣੀ ਗੁਰਬਾਣੀ ਦਾ ਕੀਰਤਨ ਕਰਦਾ ਰਹੇ। ਨਿਤਾਪ੍ਰਤਿ ਗੁਰਬਾਣੀ ਦੇ ਕੀਰਤਨ ਦਾ ਪਰਚਾ ਪਾਈ ਰਖੇ, ਤਾਂ ਸਤਿ-ਗੁਰੂ ਸਾਹਿਬ ਉਸ ਨੂੰ ਚੜ੍ਹਦੀ ਕਲਾ ਵਿਚ ਕਾਇਮ ਦਾਇਮ ਰੱਖਣ ਲਈ ਸਦਾ ਸਹਾਈ ਰਹਿੰਦੇ ਹਨ। ਇਸ ਬਿਧਿ ਉਹ ਗੁਰਮੁਖਿ ਜਨ ਰੁਰ-ਨਦਰ ਪਾਤਰ ਹੋ ਕੇ ਨਦਰੀ ਨਦਰ ਨਿਹਾਲ ਹੋ ਜਾਂਦਾ ਹੈ। ਏਥੇ ਅੱਪੜ ਕੇ ਅੰਮ੍ਰਿਤ ਨਾਮ ਰਸ ਜੋਤਿ-ਪ੍ਰਕਾਸ਼ ਹੋ ਕੇ ਉਸ ਦੇ ਰੋਮ ਰੋਮ ਵਿਖੇ ਲਹਿਰਾਉਂਦਾ ਹੈ, ਅਤੇ ਇਸ ਰਸ ਜੋਤ ਵਿਗਾਸੀ ਗਿਆਨ ਪ੍ਰਚੰਡ ਦਾ ਉਸ ਦੇ ਘਟ ਅੰਦਰਿ ਅਮਿਟ ਚਾਨਣਾ ਜਗਦਾ ਤਹਿੰਦਾ ਹੈ। ਇਸ ਜਾਗਤ-ਜੋਤਿ ਦੇ ਤੇਜ ਪਰਤਾਪ ਕਰਿ ਪੰਜੇ ਦੂਤ ਦਮਨ ਹੋ ਜਾਂਦੇ ਹਨ ਅਤੇ ਦਮਨ ਹੋਏ ਰਹਿੰਦੇ ਹਨ, ਫੁਰਨੇ ਮਾਤਰ ਭੀ ਨਹੀਂ ਫੁਰਦੇ। ਇਸ ਨਾਮ ਜੋਤਿ ਪ੍ਰਗਾਸੀ ਪ੍ਰਚੰਡ ਗੁਰਮਤ ਗਿਆਨ ਦੀ ਗੰਮਤਾ ਨੂੰ ਪ੍ਰਾਪਤ ਹੋ ਕੇ ਭੀ ਗੁਰਮੁਖ ਜਨ ਅਨਦਿਨ ਨਾਮ ਅਭਿਆਸ ਰੂਪੀ ਭਗਤੀ ਵਿਚਿ ਹੀ ਜੁਟੇ ਰਹਿੰਦੇ ਹਨ, ਕਿਉਂਕਿ ਗੁਰ ਹੁਕਮ ਗੁਰਮਤਿ ਅਨੁਸਾਰ ਦਿਨ ਰਾਤ

ਨਾਮ ਅਭਿਆਸ ਵਿਚਿ ਲਗੇ ਰਹਿਣਾ ਹੀ ਮਾਨੁਖਾ ਜਨਮ ਦਾ ਸਚਾ ਲਾਹਾ ਹੈ। ਸਤਿਗੁਰੂ ਦਾ ਹੁਕਮਾਂ ਸਿਰ ਹੁਕਮ ਤਤ ਬਾਦਸ਼ਾਹੀ ਹੁਕਮ ਬੱਸ ਏਹੀ ਹੈ। ਬੱਸ ਏਸੇ ਸਿਫਤਿ ਸਾਲਾਹੀ ਹੁਕਮ ਦੀ ਕਮਾਈ ਦੁਆਰਾ ਹੀ ਹੁਕਮੀ ਬੰਦੇ ਗੁਰਸ਼ਬਦ ਕਮਾਵਨ ਹਾਰੇ ਜਨਾਂ ਦਾ ਤਤ ਨਿਸਤਾਰਾ ਹੈ, ਅਤੇ ਇਸ ਤਤ ਦਾ ਨਿਸਤਾਰਾ ਕਰਨਹਾਰੇ ਨਾਮ ਵਿਚਿ ਰਤਿਆਂ ਹੀ ਨਾਮੀ ਵਾਹਿਗੁਰੂ ਨੂੰ ਪਾਈਦਾ ਹੈ। ਤਾਂਤੇ ਅੰਮ੍ਰਿਤਧਾਰੀ ਗੁਰਮੁਖਿ ਦਾ ਇਕ ਖਿਨ ਨਾਮ ਅਭਿਆਸ ਕਮਾਈ ਤੋਂ ਦੂਰ ਹੋਣ ਦਾ ਮਕਦੂਰ ਨਹੀਂ। ਇਉਂ ਘਾਲ ਕਮਾਈਆਂ ਥਾਇ ਪੈਂਦੀਆਂ ਹਨ ਅਤੇ ਇਉਂ ਅੰਮ੍ਰਿਤ ਛਕਿਆ ਸਫਲਾ ਰਹਿੰਦਾ ਹੈ ਤੇ ਇਉਂ ਅੰਮ੍ਰਿਤ ਦੀ ਸੱਚੀ ਪਵਿੱਤ੍ਰਤਾ ਪ੍ਰਸਿੱਧ ਹੁੰਦੀ ਹੈ, ਐਵੇਂ ਗੱਲੀਂ ਬਾਤੀਂ ਨਹੀਂ। ਨੁਕਤਾਚੀਨੀਆਂ ਕਰਨਹਾਰੇ ਦੀ ਅਹੰਗਤਾ ਹੀ ਵਧਦੀ ਹੈ, ਗੁਰਮਤ ਅਸੂਲਾਂ ਅੰਦਰ ਕੋਈ ਫਰਕ ਨਹੀਂ ਆਉਂਦਾ। ਗੁਰਮਤਿ ਅਸੂਲਾਂ ਉਤੇ ਮਨ ਦੀ ਮਤਿਸਰ ਦੁਆਰਾ ਛਾਨ ਬੀਨ ਕਰਨਾ ਇਹ ਗੁਰਮਤ ਅਸੂਲਾਂ ਦੀ ਵਿਰੋਧਤਾ ਹੈ, ਅਤੇ ਗੁਰਮਤ ਤੋਂ ਬਾਗੀ ਹੋਣ ਵਾਲੀ ਗੱਲ ਹੈ। ਗੁਰਮਤਿ ਅਸੂਲਾਂ ਨੂੰ ਗੁਰਬਾਣੀ ਦੀ ਰੌਸ਼ਨੀ ਅਨੁਸਾਰ ਹੀ ਵਿਚਾ-ਰਿਆ ਜਾਵੇ, ਤਾਂ ਗੁਣਕਾਰੀ ਹੁੰਦਾ ਹੈ, ਨਹੀਂ ਤਾਂ ਪੱਲੇ ਕੁਛ ਨਹੀਂ ਪੈਂਦਾ, ਸਗੋਂ ਅਗਲੀ ਖੇਪ ਵੀ ਗਵਾ ਲਈਦੀ ਹੈ।

ਪਤਿਤ ਲੋਕਾਂ ਦੀ ਦਸ਼ਾ ਤੇ ਇਸ ਦਾ ਇਲਾਜ

ਗਏ ਗੁਆਤਿਆਂ ਅੰਮ੍ਰਿਤ ਪਾਤਕੀ ਜੰਤਾਂ ਉਤੇ ਤਰਸ ਖਾ ਕੇ ਗੁਰੂ ਸਾਹਿਬ ਐਹੋ ਜੇਹੇ ਗੁਰਵਾਕ ਉਚਾਰਨ ਕਰਦੇ ਹਨ:—

"ਲਖ ਚਉਰਾਸੀਹ ਭ੍ਰਮਤੇ ਭ੍ਰਮਤੇ ਦੁਲਭ ਜਨਮੁ ਅਬ ਪਾਇਓ ॥੧॥ ਰੇ ਮੂੜੇ ਤੂ ਹੋਛੈ ਰਸ ਲਪਟਾਇਓ ॥ ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ ਬਿਖਿਆ ਸਿਉ ਉਰਝਾਇਓ ॥ ਰਤਨ ਜਵੇਹਰ ਬਨਜਨ ਆਇਓ ਕਾਲਰ ਲਾਦਿ ਚਲਾਇਓ ॥" ਪੁਨ—"ਮਨਮੁਖ ਲਹਿਰ ਘਰੁ ਤਜਿ ਵਿਗੂਚੇ ਅਵਰੇ ਕੇ ਘਰਿ ਹੇਰੈ ॥ ਗ੍ਰਿਹ ਧਰਮ ਗਵਾਏ ਸਤਿਗੁਰ ਨ ਭੇਟੈ ਦੁਰਮਤਿ ਘੂਮਨ ਘੇਰੈ ॥ ਦਿਸੰਤਰਿ ਭਵੈ ਪਾਠ ਪੜਿ ਥਾਕਾ ਤ੍ਰਿਸਨ ਹੋਇ ਵਧੇਰੈ ॥ ਕਾਚੀ ਪਿੰਡੀ ਸਬਦੁ ਨ ਚੀਨੈ ਉਦਰ ਭਰੈ ਜੈਸੇ ਢੋਰੈ ।............ਪਾਠ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ । ਨਾਮ ਨ ਜਪਈ ਕਿਉ ਸੁਖ ਪਾਵੈ ਬਿਨ ਨਾਵੈ ਕਿਉ ਸੋਹੈ..........ਮਨੂਆ ਡੋਲੈ ਦਹਿਦਿਸ ਧਾਵੈ ਬਿਨ ਰਤ ਆਤਮ ਗਿਆਨਾ । ਅੰਮ੍ਰਿਤ ਛੋਡ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥ ਕਿਰਤੁ ਨ ਮਿਟਈ

ਹੁਕਮ ਨ ਬੂਝੈ ਪਸੂਆ ਮਾਹਿ ਸਮਾਨਾ..........।
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥ ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟ ਹੈ ਬਾਜਾਰੀ ॥ ਅੰਤਰਿ ਬਿਖ ਬਾਹਰਿ ਨਿਭਰਾਤੀ ਤਾਂ ਜਮੁ ਕਰੇ ਖੁਆਰੀ ॥..............
ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤ ਵਰਜਿ ਰਹਾਏ ॥ ਗ੍ਰਿਹਿ ਸਰੀਰ ਗੁਰਮਤੀ ਖੋਜੇ ਨਾਮ ਪਦਾ-ਰਥ ਪਾਇ ॥................ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ ਸਚ ਨਾਮ ਉਰਿਧਾਰੀ ॥ ਨਾਮ ਬਿਨਾ ਨਹੀ ਛੂਟਸਿ ਨਾਨਕ ਸਾਚੀ ਤਰ ਤੂੰ ਤਾਰੀ ॥"

ਗੁਰੂ ਸਚੇ ਪਾਤਸ਼ਾਹ ਨੇ ਜੋ ਉਪਦੇਸ਼ ਗੁਰਬਾਣੀ ਰੂਪੀ ਗੁਰ ਹੁਕਮਾਂ ਦੁਆਰਾ ਪੰਜ ਦੁਸ਼ਟਾਂ ਅਤੇ ਪੰਚ ਦੂਤਾਂ ਦੇ ਮੁਜੱਸਮ ਪੁਤਲੇ ਸਾਕਤ ਕੁਸੰਗੀ ਜਨ ਤੋਂ ਬਚਣ ਲਈ ਕੀਤੇ ਹਨ, ਓਹ ਐਵੇਂ ਬਿਰਥਾ ਤਾਂ ਨਹੀਂ ਕੀਤੇ, ਇਸੇ ਲਈ ਕੀਤੇ ਹਨ ਕਿ ਗੁਰੂ ਦਾ ਸਚਿਆਰ ਸਿਖ ਏਹ ਗੁਰ ਉਪਦੇਸ਼ ਕਮਾ ਕੇ ਗੁਰ ਸਿਖੀ ਮਾਰਗ ਉਤੇ ਤਤਪਰ ਰਹੇ, ਕਿਤੇ ਕਾਂਪ ਖਾ ਕੇ ਗੁਰਸਿਖੀਓਂ ਪਤਿਤ ਨਾ ਹੋ ਜਾਵੇ। ਪਤਿਤ ਹੋਣੋਂ ਬਚਾਉਣ ਦਾ ਪਰਯੋਜਨ ਇਹੀ ਹੈ ਕਿ ਪਤਿਤ ਹੋਇਆ ਸਿਖ, ਸਿਖ ਨਹੀਂ ਰਹਿੰਦਾ ਹੈ। ਜੇ ਕਰ ਗੁਰੂ ਦੇ ਸਿਖ ਏਹਨਾਂ ਗੁਰ ਉਪਦੇਸ਼ਾਂ ਨੂੰ ਭੈ ਭਾਵਨੀ ਸਹਿਤ ਨਾ

ਕਮਾਵਨ ਤਾਂ ਨਿਰਸੰਦੇਹ ਰਸਾਤਲ ਨੂੰ ਚਲੇ ਜਾਵਨਿ। ਸੋ ਏਸੇ ਕਰਕੇ ਗੁਰਸਿਖ ਉਤਮ ਜਗਿਆਸੂ ਦਾ ਪਰਮ ਧਰਮ ਹੈ ਕਿ ਉਹ ਐਸੇ ਹਰ ਇਕ ਉਪਦੇਸ਼ ਨੂੰ ਭੈ ਭਾਵਨੀ ਸਹਿਤ ਕਮਾਵੇ। ਇਥੇ ਇਸ ਉਪਦੇਸ਼ ਆਸ਼ੇ ਦੇ ਕੁਝਕੁ ਗੁਰ ਪ੍ਰਮਾਣ ਦੇਣੇ ਉਚਿਤ ਹੋਣਗੇ।

(੧) ਕਾਮੁ ਕ੍ਰੋਧ ਪਰਹਰੁ ਪਰਨਿੰਦਾ ਲਬੁ ਲੋਭੁ ਤਜਿ ਹੋਹ ਨਚਿੰਦਾ ॥ ਭਰਮ ਕਾ ਸੰਗਲੁ ਤੋੜਿ ਨਿਰਾਲਾ ਤਹਿ ਅੰਤਰਿ ਹਰਿ ਰਸੁ ਪਾਇਆ ॥ ਜਿਨਿ ਜਪਿਓ ਸਤਿਗੁਰ ਮਤਿਵਾਕੇ ॥ ਜਮ ਕੰਕਰ ਕਾਲ ਸੇਵਕ ਪਗ ਤਾਕੇ ॥ ਉਤਮਿ ਸੰਗਤਿ ਗਤਿ ਮਿਤਿ ਉਤਮ ਜਗ ਭਉਜਲ ਪਾਰ ਤਰਾਇਆ ॥ ਇਹ ਭਉਜਲ ਜਗਤੁ ਸਬਦਿ ਗੁਰ ਤਰੀਐ ॥ ਅੰਤਰ ਕੀ ਦੁਬਿਧਾ ਅੰਤਰ ਜਰੀਐ ॥ ਪੰਜ ਬਾਣ ਲੇ ਜਮ ਕਉ ਮਾਰੈ ਗਗਨੰਤਰਿ ਧਣਖ ਚੜਾਇਆ ॥

ਇਸ ਗੁਰਵਾਕ ਅੰਦਰਿ ਸਤਿਗੁਰੂ ਦਾ ਗੁਰਸਿਖਾਂ ਪ੍ਰਤੀ ਸਪਸ਼ਟ ਉਪਦੇਸ਼ ਹੈ ਕਿ ਉਹ ਕਾਮ, ਕ੍ਰੋਧ, ਲਬ, ਲੋਭ, ਮੋਹ, ਪਰਨਿੰਦਾ ਦਾ ਤਿਆਗਨ ਕਰੇ, ਅਤੇ ਇਸ ਬਿਧ ਗੁਰਸਿਖ ਓਾਗਣਨ ਤੋਂ ਨਿਸਚਿਤ ਹੋਵੇ, ਇਸ ਵਿਚ ਰੰਚਕ ਸੰਦੇਹ ਨਹੀਂ ਕਿ ਗੁਰਮਤਿ ਨਾਮ ਅਭਿਆਸ ਕਮਾਈ ਕਰਨ ਹਾਰੇ ਗੁਰਸਿਖ ਨੂੰ ਜਮ ਪੋਹ ਨਹੀਂ

ਸਕਦੇ। ਪਰ ਇਸ ਪਦ ਨੂੰ ਤਦੇ ਪੁਜ ਸਕਦਾ ਹੈ ਜੋ ਨਾਮ ਅਭਿਆਸ ਕਮਾਈ ਕਰਦਾ ਹੋਇਆ ਪੰਜਾਂ ਵਿਕਾਰਾਂ ਤੋਂ ਭੀ ਬਚਿਆ ਰਹੇ। ਏਹਨਾਂ ਤੋਂ ਬਚਣ ਲਈ ਨਾਮ ਅਭਿ-ਆਸ ਵਾਲੇ ਗੁਰਸਿਖ ਅਭਿਆਸੀ ਨੂੰ ਗੁਰਸੰਗਤਿ ਰੂਪੀ ਉਤਮ ਸੰਗਤ ਦਾ ਨਿਵਾਸ ਆਸਰਾ ਲੈਣਾ ਚਾਹੀਦਾ ਹੈ। ਉਤਮ ਸੰਗਤਿ ਵਿਚ ਰਹਿਆਂ ਹੀ ਗਤਿ ਮਿਤ ਉਤਮ ਹੁੰਦੀ ਹੈ। ਨਹੀਂ ਤਾਂ ਕੁਸੰਗਤ ਕੀਤਿਆਂ ਦੁਰਗਤੀ ਨੂੰ ਪ੍ਰਾਪਤ ਹੁੰਦਾ ਹੈ। ਇਸ ਕਰਕੇ ਕੁਸੰਗਤ ਤੋਂ ਬਚਣ ਦੇ ਭੀ ਇਸ ਪ੍ਰਕਾਰੀ ਉਪਦੇਸ਼ ਹਨ:-

(੨) ਦੂਜੈ ਭਾਇ ਦੁਸ਼ਟਾ ਕਾ ਵਾਸਾ ॥ ਭਉਦੇ ਫਿਰਹਿ ਬਹੁ ਮੋਹ ਪਿਆਸਾ ॥ ਕੁਸੰਗਤਿ ਬਹਹਿ ਸਦਾ ਦੁਖ ਪਾਵਹਿ ਦੁਖੋ ਦੁਖ ਕਮਾਇਆ ॥ ਸਤਿਗੁਰ ਬਾਝਹੁ ਸੰਗਤਿ ਨ ਹੋਈ ॥ ਬਿਨੁ ਸਬਦੇ ਪਾਰੁ ਨ ਪਾਏ ਕੋਈ ॥ ਸਹਜ ਗੁਣ ਰਵਹਿ ਦਿਨ ਰਾਤੀ ਜੋਤੀ ਜੋਤਿ ਮਿਲਾਇਆ ॥

(੩) ਬਿਨੁ ਸਤਿਗੁਰ ਜੋ ਦੂਜੈ ਲਾਗੇ ॥ ਆਵਹਿ ਜਾਹਿ ਭਰਮ ਮਰਹਿ ਅਭਾਗੇ। ਨਾਨਕ ਤਿਨਕੀ ਫਿਰਿਗਤਿ ਹੋਵੈ ਜਿਗੁਰਮੁਖਿ ਰਹਹਿ ਸਰਣਾਈਹੇ ॥

ਇਸ ਗੁਰਵਾਕ ਤੋਂ ਏਹ ਗਲ ਭੀ ਸਪਸ਼ਟ ਹੋ ਗਈ ਕਿ ਜੇਹੜੇ ਸਿਖ ਸਤਿਗੁਰ ਤੋਂ ਬੇ-ਮੁਖ ਹੋ ਕੇ ਦੂਜੇ ਭਾਇ ਵਿਚ ਗਲਤਾਨ ਹੋ ਕੇ ਕੁਕਰਮ ਕਰਿ ਕਰਿ ਪਤਿਤ

ਹੋ ਜਾਂਦੇ ਹਨ, ਓਹਨਾਂ ਦੀ ਫੇਰ ਤਦੇ ਗਤਿ ਹੋ ਸਕਦੀ ਹੈ ਜੇ ਫੇਰ ਗੁਰਸਰਣੀ ਆ ਕੇ ਗੁਰਮੁਖ ਬਣਨ ਅਤੇ ਬਣੇ ਰਹਿਣ। ਨਹੀਂ ਤਾਂ ਚੁਰਾਸੀ ਦੇ ਗੇੜ ਵਿਚ ਜਾ ਪੈਂਦੇ ਹਨ। ਏਹ ਤਦੇ ਹੋ ਸਕਦਾ ਹੈ ਕਿ ਉਹ ਮੁੜ ਕੇ ਅੰਮ੍ਰਿਤ ਛਕਣ ਅਤੇ ਛਕ ਕੇ ਤਿਆਰ ਬਰਤਿਆਰ ਸਿੰਘ ਸਜਣ।

(੪) ਘਰ ਕੀ ਨਾਰ ਤਿਆਗੇ ਅੰਧਾ ॥ ਪਰ ਨਾਰੀ ਸਿਉ ਘਾਲੈ ਧੰਧਾ——ਪਾਪੀ ਕਾ ਘਰੁ ਅਗਨੇ ਮਾਹਿ ॥ ਜਲਤ ਰਹੈ ਮਿਟਵੈ ਕਬ ਨਾਹਿ ॥ ਹਰਿ ਕੀ ਭਗਤਿ ਨ ਦੇਖੈ ਜਾਇ ॥ ਮਾਰਗੁ ਛੋਡਿ ਅਮਾਰਗਿ ਪਾਇ ॥ ਮੂਲਹੁ ਭੂਲਾ ਆਵੈ ਜਾਇ ॥ ਅੰਮ੍ਰਿਤੁ ਡਾਰਿ ਲਾਦਿ ਬਿਖੁ ਖਾਇ ॥

ਇਸ ਗੁਰਵਾਕ ਅੰਦਰ ਪਰ ਤਿਰਿਆ ਗਮਨ ਵਾਲਾ ਪਤਿਤ ਕਰਮ ਕੈਸਾ ਭਿਅੰਕਰ ਦਸ ਕੇ ਬਿਵਰਜਤ ਕੀਤਾ ਹੈ। ਪਰਤਿਰਿਆ ਗਾਮੀ ਐਸੇ ਪਾਪ ਕਮਾਵਣ ਹਾਰੇ ਪਾਪਿਸ਼ਟ ਪੁਰਸ਼ ਹਨ ਕਿ ਉਹ ਸਦਾ ਹੀ ਏਸ ਪਾਪ ਅਗਨੀ ਵਿਚ ਜਲਦੇ ਰਹਿੰਦੇ ਹਨ। ਅਗਨੀ ਦੇ ਘਰ ਵਿਚ ਹੀ ਓਹਨਾਂ ਦਾ ਸਦਾ ਵਾਸਾ ਰਹਿੰਦਾ ਹੈ। ਐਸੇ ਜਲਦੇ ਹਨ ਕਿ ਇਹ ਜਲਨ ਉਹਨਾਂ ਦੀ ਬੁਝਦੀ ਹੀ ਨਹੀਂ। ਓੜਕ ਗਰਭ ਜੂਨ ਵਿਚ ਗਲਦੇ ਸੜਦੇ ਰਹਿੰਦੇ ਹਨ। ਜੀਉਂਦੇ ਜੀ ਅਜੇਹੇ ਪਤਿਤ ਕਰਮੀ ਪੁਰਸ਼ ਪਤਿਤ ਕਰਮਾਂ ਵਿਚ ਹੀ ਪਰਵਿਰਤ ਰਹਿੰਦੇ ਹਨ ਅਤੇ

ਭਾਉ ਭਗਤੀ ਮਈ ਪਰਮਾਰਥ ਵਾਲੇ ਪਾਸੇ ਦੇ ਨੇੜੇ ਭੀ ਨਹੀਂ ਢੁਕਦੇ, ਸਗੋਂ "ਮਾਰਗੁ ਛੋਡਿ ਅਮਾਰਗਿ ਪਾਇ ॥" ਵਾਲੀ ਉਪਰ ਦਿਤੀ........ਪੰਗਤੀ ਦੇ ਭਾਵ ਅਨੁਸਾਰ ਓਹ ਪਰਮਾਰਥ ਪੰਥ ਮਈ ਸਚੇ ਮਾਰਗ ਤੋਂ ਬੇ-ਮੁਖ ਹੋ ਕੇ ਕੁਮਾਰਗ ਪੈ ਜਾਂਦੇ ਹਨ। ਕੁਮਾਰਗ ਪਇਆਂ ਤਾਂ ਫੇਰ ਠੌਰ ਠਾਉਂ ਕਿਥੇ। ਬਸ ਮੂਲ ਮਾਰਗੀ ਸਚੇ ਮਤ ਗੁਰਮਤਿ ਮਤ ਤੋਂ ਪਤਿਤ ਹੋ ਕੇ ਉਹ ਪਏ ਭੂਲੇ ਭਟਕਾਂ ਖਾਂਦੇ ਫਿਰਦੇ ਹਨ। ਲਖ ਚੁਰਾਸੀ ਜੋਨਿ ਵਿਚ ਇਸ ਬਿਧਿ ਓਹ ਅੰਮ੍ਰਿਤ ਕਲਾ ਤੋਂ ਡਿੱਗ ਕੇ ਬਿਖ ਦਾ ਲੱਦ ਲੱਦੀ ਫਿਰਦੇ ਰਹਿੰਦੇ ਹਨ ਅਤੇ ਇਕ ਅੰਮ੍ਰਿਤ ਧਾਰੀ ਸਿਖ ਦੀ ਅੰਮ੍ਰਿਤ ਜੀਵਨੀ ਬਵਸਥਾ ਤੋਂ ਗੁਮਰਾਹ ਹੋ ਕੇ ਓਹ ਬਿਖ ਭੁੱਖੀ ਹੋਇ ਰਹਿੰਦੇ ਹਨ। ਓਹਨਾਂ ਅੰਦਰ ਅੰਮ੍ਰਿਤ-ਜੀਵਨ-ਕਣੀ ਦਾ ਨਮੂਦ ਭੀ ਨਹੀਂ ਰਹਿੰਦਾ, ਉੱਕਾ ਹੀ ਬੀਜ ਨਾਸ ਹੋ ਜਾਂਦਾ ਹੈ। ਅਜੇਹਾ ਬਿਖਈ ਜੀਵਨ ਬਹੁੜ ਅੰਮ੍ਰਿਤ-ਕਣੀ ਦੇ ਸੰਚਾਰ ਬਾਝੋਂ ਕਦੇ ਵੀ ਸੁਰਜੀਤ ਨਹੀਂ ਹੋ ਸਕਦਾ। ਬਿਖਿਆ ਦੀ ਬਾਸ਼ਨਾ ਨਾਸ਼ ਕਰਨ ਖਾਤਰ ਅੰਮ੍ਰਿਤੁ ਅਤੇ ਅੰਮ੍ਰਿਤ ਨਾਮ ਦੀ ਦਾਤ ਦਾ ਵਰਸਾਜਣ ਅਤੀ ਲਾਜ਼ਮੀ ਹੈ। ਬਿਖੈ-ਬਾਸ਼ਨਾ ਸੇਤੀ ਬਿਮੋਹਤ ਹੋ ਕੇ ਬਿਖੇ ਰਸਾਂ ਵਿਚ ਰਚ ਮਚ ਕੇ ਖਚਤ ਅਤੇ ਪਾਵਨੋਂ ਪਤਿਤ ਹੋਇਆ ਬਿਖਈ ਜੀਵ ਇਸ ਪ੍ਰਵਿਰਤ ਦਸ਼ਾ ਵਿਚੋਂ ਕਦੇ ਭੀ ਉਭਰ ਨਹੀਂ ਸਕਦਾ, ਜਦ ਤਾਈਂ ਕਿ ਓਹ ਫੇਰ ਦੂਜੀ

ਵਾਰ ਗੁਰੂ ਘਰ ਦੀ ਅੰਮ੍ਰਿਤ ਸਿੰਚਨੀ ਸੰਭਾਰਨੀ ਗੁਰਮਤਿ ਜੁਗਤਿ ਅਉਖਧੀ ਦੁਆਰਾ ਅਮਰੀਵ ਨਵਜੀਵ ਹੋ ਕੇ ਫੇਰ ਖਿਨ ਖਿਨ ਗੁਰ ਦੀ ਵੀਖਿਅਤ ਅੰਮ੍ਰਿਤ ਨਾਮ ਦਾ ਅੰਚਲ ਨਾ ਗਹੀ ਰਖੇ। ਨਹੀਂ ਤਾਂ ਪੰਚ ਠਗਵਾੜੇ ਹਰਿ ਮੁਹਤ ਚਸਾ ਉਸ ਨੂੰ ਫੇਰ ਮੁਹਾਉਂਦੇ ਰਹਿਣਗੇ। ਪੰਚਾਂ ਵਿਕਾਰਾਂ ਤੋਂ ਵਿਸਥਾਰਤ ਹੋ ਕੇ ਅਨਿਕ ਰਸ ਬਿਖਾਗਨੀ ਪਰਵਿਰਤੀਆਂ ਉਪਜੀ ਖੜੋਂਦੀਆਂ ਹਨ, ਜਿਨ੍ਹਾਂ ਦੀ ਚੇਸ਼ਟਾ ਦੇ ਅਧੀਨ ਹੋ ਕੇ ਬਿਚਾਰਾ ਬਿਖਈ ਜੀਵ ਰਸਾਤਲੀ ਨਿਘਰਿ ਟੋਏ ਵਿਚ ਜਾ ਪੈਂਦਾ ਹੈ। ਬਸ ਇਹਨਾਂ ਤੋਂ ਗੁਰੂ ਸਮਰਥਿ ਹੀ ਹੱਥ ਦੇ ਕੇ, ਰਖੇ ਤਾਂ ਰਖੇ ਆਪਣੀ ਅੰਮ੍ਰਿਤ ਕਲਾ ਵਰਤਾ ਕੇ! ਹੋਰ ਕੋਈ ਭੀ ਉਪਾਉ ਨਹੀਂ।

ਭਾਉ ਭਗਤੀ ਮਈ ਪਰਮਾਰਥ ਵਾਲੇ ਪਾਸੇ ਦੇ ਨੇੜੇ ਭੀ ਨਹੀਂ ਢੁਕਦੇ, ਸਗੋਂ "ਮਾਰਗੁ ਛੋਡਿ ਅਮਾਰਗਿ ਪਾਇ ॥" ਵਾਲੀ ਉਪਰ ਦਿਤੀ........ਪੰਗਤੀ ਦੇ ਭਾਵ ਅਨੁਸਾਰ ਓਹ ਪਰਮਾਰਥ ਪੰਥ ਮਈ ਸਚੇ ਮਾਰਗ ਤੋਂ ਬੇ-ਮੁਖ ਹੋ ਕੇ ਕੁਮਾਰਗ ਪੈ ਜਾਂਦੇ ਹਨ। ਕੁਮਾਰਗ ਪਇਆਂ ਤਾਂ ਫੇਰ ਠੌਰ ਠਾਉਂ ਕਿਥੇ। ਬਸ ਮੂਲ ਮਾਰਗੀ ਸਚੇ ਮਤ ਗੁਰਮਤਿ ਮਤ ਤੋਂ ਪਤਿਤ ਹੋ ਕੇ ਉਹ ਪਏ ਭੂਲੇ ਭਟਕਾਂ ਖਾਂਦੇ ਫਿਰਦੇ ਹਨ। ਲਖ ਚੁਰਾਸੀ ਜੋਨਿ ਵਿਚ ਇਸ ਬਿਧਿ ਓਹ ਅੰਮ੍ਰਿਤ ਕਲਾ ਤੋਂ ਡਿੱਗ ਕੇ ਬਿਖ ਦਾ ਲੱਦ ਲੱਦੀ ਫਿਰਦੇ ਰਹਿੰਦੇ ਹਨ ਅਤੇ ਇਕ ਅੰਮ੍ਰਿਤ ਧਾਰੀ ਸਿਖ ਦੀ ਅੰਮ੍ਰਿਤ ਜੀਵਨੀ ਬਵਸਥਾ ਤੋਂ ਗੁਮਰਾਹ ਹੋ ਕੇ ਓਹ ਬਿਖ ਭੱਖੀ ਹੋਇ ਰਹਿੰਦੇ ਹਨ। ਓਹਨਾਂ ਅੰਦਰ ਅੰਮ੍ਰਿਤ-ਜੀਵਨ-ਕਣੀ ਦਾ ਨਮੂਦ ਭੀ ਨਹੀਂ ਰਹਿੰਦਾ, ਉੱਕਾ ਹੀ ਬੀਜ ਨਾਸ ਹੋ ਜਾਂਦਾ ਹੈ। ਅਜੇਹਾ ਬਿਖਈ ਜੀਵਨ ਬਹੁੜ ਅੰਮ੍ਰਿਤ-ਕਣੀ ਦੇ ਸੰਚਾਰ ਬਾਝੋਂ ਕਦੇ ਵੀ ਸੁਰਜੀਤ ਨਹੀਂ ਹੋ ਸਕਦਾ। ਇਖਿਆ ਦੀ ਬਾਸ਼ਨਾ ਨਾਸ਼ ਕਰਨ ਖਾਤਰ ਅੰਮ੍ਰਿਤੁ ਅਤੇ ਅੰਮ੍ਰਿਤ ਨਾਮ ਦੀ ਦਾਤ ਦਾ ਵਰਸਾਂਜਣ ਅਤੀ ਲਾਜ਼ਮੀ ਹੈ। ਬਿਖੈ-ਬਾਸ਼ਨਾ ਸੇਤੀ ਬਿਮੋਹਤ ਹੋ ਕੇ ਬਿਖੈ ਰਸਾਂ ਵਿਚ ਰਚ ਮਚ ਕੇ ਖਚਤ ਅਤੇ ਪਾਵਨੋਂ ਪਤਿਤ ਹੋਇਆ ਬਿਖਈ ਜੀਵ ਇਸ ਪ੍ਰਵਿਰਤ ਦਸ਼ਾ ਵਿਚੋਂ ਕਦੇ ਭੀ ਉਭਰ ਨਹੀਂ ਸਕਦਾ, ਜਦ ਤਾਈਂ ਕਿ ਓਹ ਫੇਰ ਦੂਜੀ

ਵਾਰ ਗੁਰੂ ਘਰ ਦੀ ਅੰਮ੍ਰਿਤ ਸਿੰਚਨੀ ਸੰਚਾਰਨੀ ਗੁਰਮਤਿ ਜੁਗਤਿ ਅਉਖਧੀ ਦੁਆਰਾ ਅਮਰੀਵ ਨਵਜੀਵ ਹੋ ਕੇ ਫੇਰ ਖਿਨ ਖਿਨ ਗੁਰ ਦੀ ਦੀਖਿਅਤ ਅੰਮ੍ਰਿਤ ਨਾਮ ਦਾ ਅੰਚਲ ਨਾ ਗਹੀ ਰਖੇ। ਨਹੀਂ ਤਾਂ ਪੰਚ ਠਗਵਾੜੇ ਹਰਿ ਮੁਹਤ ਚਸਾ ਉਸ ਨੂੰ ਫੇਰ ਮੁਹਾਉਂਦੇ ਰਹਿਣਗੇ। ਪੰਚਾਂ ਵਿਕਾਰਾਂ ਤੋਂ ਵਿਸਥਾਰਤ ਹੋ ਕੇ ਅਨਿਕ ਰਸ ਬਿਖਾਗਨੀ ਪਰਵਿਰਤੀਆਂ ਉਪਜਾ ਖੜੋਂਦੀਆਂ ਹਨ, ਜਿਨ੍ਹਾਂ ਦੀ ਚੇਸ਼ਟਾ ਦੇ ਅਧੀਨ ਹੋ ਕੇ ਬਿਚਾਰਾ ਬਿਖਈ ਜੀਵ ਰਸਾਤਲੀ ਨਿਘਰਿ ਟੋਏ ਵਿਚ ਜਾ ਪੈਂਦਾ ਹੈ। ਬਸ ਇਹਨਾਂ ਤੋਂ ਗੁਰੂ ਸਮਰਥਿ ਹੀ ਹੱਥ ਦੇ ਕੇ, ਰਖੇ ਤਾਂ ਰਖੇ ਆਪਣੀ ਅੰਮ੍ਰਿਤ ਕਲਾ ਵਰਤਾ ਕੇ! ਹੋਰ ਕੋਈ ਭੀ ਉਪਾਉ ਨਹੀਂ।

ਸਿੱਟਾ

ਹੇਠ ਲਿਖੇ ਗੁਰਵਾਕ ਵਿਚ ਗੁਰੂ ਸਾਹਿਬ ਉੱਤਮ ਪੁਰਖ (ਵਾਹਿਦ ਮੁਤਕੱਲਮ ਸੀਗ਼ਾ) ਵਿਚ ਸੰਸਾਰੀ ਜੀਵਾਂ ਦੀ ਹਾਲਤ ਦਸਦੇ ਹਨ ਤੇ ਏਸ ਤੋਂ ਉਧਰਨ ਦਾ ਜ਼ਿਕਰ ਕਰਦੇ ਹਨ:–

"ਮਾਤ ਪਿਤਾ ਭਾਈ ਸੁਤ ਬਨਿਤਾ ॥ ਚੂਗਹਿ ਚੋਗ ਅਨੰਦ ਸਿਉ ਜੁਗਤਾ ॥ ਉਰਝਿ ਪਰਿਓ ਮਨ ਮੀਠ ਮੁਹਾਰਾ ॥ ਗੁਣ ਗਾਹਕ ਮੇਰੇ ਪ੍ਰਾਨ ਅਧਾਰਾ ॥ ੧ ॥ ਏਕੁ ਹਮਾਰਾ ਅੰਤਰਜਾਮੀ ॥ ਧਰ ਏਕਾ ਮੈ ਟਿਕ ਏਕਸ ਕੀ ਸਿਰਿ ਸਾਹਾਂ ਵਡ ਪੁਰਖੁ ਸੁਆਮੀ ॥੧॥ ਰਹਾਉ ॥ ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ ॥ ਗੁਰਿ ਕਹਿਆ ਇਹ ਝੂਠੀ ਧੋਹੀ ॥ ਮੁਖਿ ਮੀਠੀ ਖਾਈ ਕਉਰਾਇ ॥ ਅੰਮ੍ਰਿਤ ਨਾਮਿ ਮਨ ਰਹਿਆ ਅਘਾਇ ॥ ੨ ॥ ਲੋਭ ਮੋਹ ਸਿਉ ਗਈ ਵਿਖੋਟਿ ॥ ਗੁਰਿ ਕਿਰਪਾਲ ਮੋਹਿ ਕੀਨੀ ਛੋਟਿ ॥ ਇਹ ਠਗਵਾਰੀ ਬਹੁਤ ਘਰ ਗਾਲੇ ॥ ਹਮ ਗੁਰਿ ਰਾਖਿ ਲੀਏ ਕਿਰਪਾਲੇ ॥੩॥ ਕਾਮ ਕ੍ਰੋਧ ਸਿਉ ਠਾਟੁ ਨ ਬਨਿਆ ॥ ਗੁਰ ਉਪਦੇਸੁ ਮੋਹਿ ਕਾਨੀ ਸੁਨਿਆ ॥ ਜਹ ਦੇਖਉ ਤਹ ਮਹਾ ਚੰਡਾਲ ॥ ਰਾਖਿ ਲੀਏ

ਅਪਨੈ ਗੁਰ ਗੋਪਾਲ ॥ ੪ ॥ ਦਸ ਨਾਰੀ ਮੈ ਕਰੀ ਦੁਹਾਗਨਿ ॥ ਗੁਰ ਕਹਿਆ ਇਹ ਰਸਹਿ ਬਿਖਾ-ਗਨਿ ॥ ਇਨਿ ਸਨਬੰਧੀ ਰਸਾਤਲਿ ਜਾਇ ॥ ਹਮ ਗਰਿ ਰਾਖੇ ਹਰਿ ਲਿਵ ਲਾਇ ॥ ੫ ॥ ਅਹੰਮੇਵ ਸਿਉ ਮਸਲਤ ਛੋਡੀ ॥ ਗੁਰਿ ਕਹਿਆ ਏਹ ਮੂਰਖ ਹੋਡੀ ॥ ਇਹੁ ਨੀਘਰੁ ਘਰੁ ਕਹੀ ਨ ਪਾਇ ॥ ਹਮ ਗੁਰਿ ਰਾਖਿ ਲੀਏ ਲਿਵ ਲਾਇ ॥ ੬। ਇਹ ਲੋਗਨ ਸਿਉ ਹਮ ਭਏ ਬੈਰਾਈ ॥ ਏਕ ਗ੍ਰਿਹ ਮਹਿ ਦੋਇ ਨ ਖਟਾਈ ॥ ਆਏ ਪ੍ਰਭ ਪਹਿ ਅੰਚਰਿ ਲਾਗਿ ॥ ਕਰਹੁ ਤਪਾਵਸੁ ਪ੍ਰਭ ਸਰਬਾਗ। ੭ ॥ ਪ੍ਰਭ ਹਸਿ ਬੋਲੇ ਕੀਏ ਨਿਆਇ। ਸਗਲ ਦੂਤ ਮੇਰੀ ਸੇਵਾ ਲਾਇ ॥ ਤੂੰ ਠਾਕੁਰ ਇਹ ਗ੍ਰਿਹੁ ਸਭੁ ਤੇਰਾ ॥ ਕਹੁ ਨਾਨਕ ਗੁਰਿ ਕੀਆ ਨਬੇਰਾ ॥ ੮ ॥ ੨ ॥

(ਬਿਭਾਸ ਪ੍ਰਭਾਤੀ ਮ: ੫ ਅਸਟਪਦੀਆ)

ਬਸ ਗੁਰਸਿਖ ਜ ਗਆਸੂ ਜੇਕਰ ਪਤਿਤ ਹੋਣੋਂ ਬਚ ਸਕਦਾ ਹੈ ਤਾਂ ਕੇਵਲ ਗੁਰੂ ਦੀ ਓਟ ਲਇਆਂ ਅਤੇ ਗੁਰੂ ਹੁਕਮਾਂ ਅਨੁਸਾਰ ਕਮਾਈਆਂ ਕਰ, ਖਿਨ ਖਿਨ ਗੁਰਦੀਖਿਆ ਨੂੰ ਮੁਖ ਰਖਦਿਆਂ ਹੀ ਗੁਰੂ ਦੀ ਮੇਹਰ ਨਾਲਿ ਬਚ ਸਕਦਾ ਹੈ। ਪਤਿਤ ਹੋਣੋਂ ਬਚਣਾ ਅਤੇ ਪਤਿਤ ਹੋਣ ਤੋਂ ਬਚਣ ਦੀਆਂ ਗੁਰ ਉਪਦੇਸ਼ ਅਉਖਧੀਆਂ ਵਰਤਣਾ

ਗੁਰਸਿਖ ਦਾ ਪ੍ਰਮ ਲਾਜ਼ਮੀ ਫਰਜ਼ ਹੈ। ਇਸ ਫਰਜ਼ ਤੋਂ ਅਵੇਸਲੇ ਹੋਇਆਂ ਗੁਰਸਿਖੀਓਂ ਪਤਿਤ ਹੋਣ ਦਾ ਖਿਨ ਖਿਨ ਖਤਰਾ ਹੈ। ਤਾਂਤੇ ਇਸ ਖਤਰੇ ਤੋਂ ਬਚਣ ਲਈ ਅੰਮ੍ਰਿਤਧਾਰੀ ਹੋ ਕੇ ਭੀ ਖਿਨ ਖਿਨ ਅਤੇ ਰਸਕਿ ਰਸਕਿ ਗੁਰਮਤਿ ਨਾਮ ਦਾ ਉਚਾਰਨਾ ਅਤੇ ਗੁਰਬਾਣੀ ਰੂਪੀ ਗੁਰ-ਮਤਿ ਗਣਾਂ ਦਾ ਗਾਵਣਾ ਅਤੇ ਨਾਮ ਅਭਿਆਸੀ ਗੁਰਮੁਖਿ ਸਿਖ ਸੰਤ ਭਗਤਾਂ ਦੀ ਸੰਗਤਿ ਕਰਨੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸਰਣਾਗਤੀ ਨਿਤਾ ਪ੍ਰਤਿ ਗੁਰ-ਸਿਖਾਂ ਦੀ ਸੰਗਤਿ ਵਿਚਿ ਬੈਠਕੇ ਅਤੇ ਰਲ ਮਿਲਕੇ ਕੀਰਤਨ ਕਰਨਾ ਸੱਚੀ ਓਟ ਅਤੇ ਸੱਚਾ ਕੋਟ ਹੈ। ਜੈਸਾ ਕਿ ਇਸ ਅਗੇ ਵਾਲੇ ਗੁਰਵਾਕ ਦਾ ਭਾਵ ਹੈ:—

"ਰਸਕਿ ਰਸਕਿ ਗੁਨ ਗਾਵਹੁ ਗੁਰਮਤਿ ਲਿਵ ਉਨਮਨਿ ਨਾਮਿ ਲਗਾਨਿ ॥ ਅੰਮ੍ਰਿਤ ਰਸੁ ਪੀਆ ਗੁਰਸਬਦੀ ਹਮ ਨਾਮੁ ਵਿਟਹੁ ਕੁਰਬਾਨ ॥ ੧। ਹਮਰੇ ਜਗਜੀਵਨ ਹਰਿ ਪ੍ਰਾਨ ॥ ਹਰਿ ਊਤਮ ਰਿਦ ਅੰਤਰਿ ਭਾਇਓ ਗੁਰਮੰਤ੍ਰੁ ਦੀਓ ਹਰਿ ਕਾਨ ॥ ੧॥ ਰਹਾਉ ॥ ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਨਾਮਿ ਵਖਾਨ ॥ ਕਿਤ ਬਿਧਿ ਕਿਉ ਪਾਈਐ ਪ੍ਰਭੁ ਅਪਨਾ ਮੋਕਉ ਕਰਹੁ ਉਪ-ਦੇਸੁ ਹਰਿਦਾਨ ॥ ੨। ਸਤਿ ਸੰਗਤਿ ਮਹਿ ਹਰਿ ਹਰਿ ਬਸਿਆ ਮਿਲਿ ਸੰਗਤਿ ਹਰਿ ਗੁਨ ਜਾਨ ॥

ਵਡੈ ਭਾਗਿ ਸਤਿ ਸੰਗਤਿ ਪਾਈ ਗੁਰੁ ਸਤਿਗੁਰੁ ਪਰਸਿ ਭਗਵਾਨ ॥੩॥ ਗੁਨ ਗਾਵਹੁ ਪ੍ਰਭ ਅਗਮ ਠਾਕੁਰ ਕੇ ਗੁਨ ਗਾਇ ਰਹੇ ਹੈਰਾਨ ॥ ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਹਰਿ ਨਾਮੁ ਦੀਓ ਖਿਨ ਦਾਨ ॥

ਏਹ ਗੁਰੂ ਨਾਨਕ ਸਾਹਿਬ ਦੇ ਘਰ ਦੀ ਹੀ ਵਡਿਆਈ ਹੈ, ਜਿਸ ਵਿਚਿ ਪਤਿਤ ਹੋਏ ਪ੍ਰਾਨੀਆਂ ਨੂੰ ਫੇਰ ਅੰਮ੍ਰਿਤ ਪਿਆਲਾ ਪੀਆਲਕੇ ਪਾਵਨ ਪਵਿੱਤਰ ਕੀਤਾ ਜਾਂਦਾ ਹੈ ਅਤੇ ਪ੍ਰਾਨੀਆਂ ਦੇ ਪਤਿਤ ਕਰਮਾਂ ਦੀ ਬਰਨ ਆਸ਼ਰਮਾਂ ਦੀ ਕੋਈ ਅਟਕ ਵਿਚਾਲੇ ਨਹੀਂ ਰਹਿੰਦੀ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ:—

ਪਤਿਤ ਪਵਿਤਰ ਲੀਏ ਕਰਿ ਅਪੁਨੇ ਸਗਲ ਕਰਤ ਨਮਸਕਾਰੋ ॥ ਬਰਨ ਜਾਤਿ ਕੋਈ ਪੂਛੈ ਨਾਹੀ ਬਾਛਹਿ ਚਰਨ ਰਵਾਰੋ ॥੧॥ ਠਾਕੁਰ ਐਸੋ ਨਾਮ ਤੁਮਾਰੋ ॥ ਸਗਲ ਸ੍ਰਿਸਟ ਕੋ ਧਣੀ ਕਹੀਜੈ ਜਨਕੋ ਅੰਗੁ ਨਿਰਾਰੋ ॥ ਨਾਮ ਦੇਉ ਤ੍ਰਿਲੋਚਨ ਕਬੀਰ ਦਾਸਰੋ ਮੁਕਤਿ ਭਇਓ ਚਮਿਆਰੋ ॥ ਸਾਧ ਸੰਗਤਿ ਨਾਨਕ ਬੁਧਿ ਪਾਈ ਹਰਿ ਕੀਰਤਨ ਉਰਿਧਾਰੋ ॥੧॥

॥ ਸਮਾਪਤ ॥

"ਗਿਆਨੀ ਪ੍ਰੈਸ" ਅੰਮ੍ਰਿਤਸਰ ਵਿਚ

ਸ: ਸੰਤੋਖ ਸਿੰਘ ਜੀ ਪ੍ਰਿੰਟਰ ਦੇ ਯਤਨ ਨਾਲ ਛਪਿਆ

ਤੇ

ਨਾਹਰ ਸਿੰਘ ਗਿਆਨੀ ਪਿੰਡ ਗੁਜਰਵਾਲ (ਲੁਧਿਆਣਾ)

ਨੇ ਪ੍ਰਕਾਸ਼ਤ ਕੀਤਾ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਲਿਖਤ ਪੁਸਤਕਾਂ

ਜੇਲ੍ਹ ਚਿਠੀਆਂ (ਤਿੰਨ ਹਿਸੇ)	੩-੦-੦
ਅਨਹਦ ਸ਼ਬਦ ਦਸਮ ਦੁਆਰ	੧-੮-੦
ਗੁਰਮਤ ਨਾਮ ਅਭਿਆਸ ਕਮਾਈ	੨-੪-੦
ਦਰਸ਼ਨ ਝਲਕਾਂ (ਕਵਿਤਾ)	੧-੪-੦
ਜੋਤਿ ਵਿਗਾਸ (ਕਵਿਤਾ)	੩-੪-੦
ਸਚਖੰਡ ਦਰਸ਼ਨ	੦-੧੨-੦
ਅੰਮ੍ਰਿਤ ਕਲਾ	੦-੪-੦
ਕੀ ਸ੍ਰੀ ਗੁਰੂ ਗ੍ਰੰਥ ਸਾ: ਜੀ ਦੀ ਪੂਜਾ ਬੁੱਤ ਪ੍ਰਸਤੀ ਹੈ	੦-੮-੦
ਚਰਨ ਕਮਲ ਕੀ ਮਉਜ	੦-੧੦-੦
ਅੰਮ੍ਰਿਤ ਕੀ ਹੈ ?	੦-੪-੦
ਉਮਰ ਕੈਦੀ ਦਾ ਸੁਪਨਾ	੦-੪-੦
ਗੁਰਮਤ ਬਿਬੇਕ	੧-੮-੦
ਗੁਰਮਤ ਲੇਖ	੧-੮-੦
ਅਣਡਿਠੀ ਦੁਨੀਆਂ	੩-੦-੦

ਮਿਲਣ ਦਾ ਪਤਾ

ਗਿਆਨੀ ਪ੍ਰੈਸ
ਅੰਮ੍ਰਿਤਸਰ

ਪੰਜਾਬ ਗਿਆਨੀ ਪ੍ਰੈਸ
ਭਦੌੜ ਹਾਊਸ ਲੁਧਿਆਣਾ

ਮੁਖ-ਬਚਨ

੧੯੩੬ ਈਸਵੀ ਵਿਚ ਬਰਮਾ ਤੋਂ ਕੁਝ ਸਜਣਾਂ ਦੀਆਂ ਚਿੱਠੀਆਂ ਸ੍ਰੀ ਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਆਈਆਂ ਸਨ, ਜਿਨ੍ਹਾਂ ਵਿਚ ਇਹ ਸਵਾਲ ਪੁੱਛਿਆ ਗਿਆ ਸੀ ਕਿ ਇਕ ਵਾਰ ਅੰਮ੍ਰਿਤ ਛਕ ਕੇ ਜੇ ਕੋਈ ਫੇਰ ਕੁਰਹਿਤ ਕਰ ਲਵੇ, ਉਸ ਨੂੰ ਮੁੜ ਅੰਮ੍ਰਿਤ ਛਕਣਾ ਚਾਹੀਦਾ ਹੈ ਯਾ ਨਹੀਂ ? ਏਹ ਸਵਾਲ ਏਸ ਲਈ ਪੈਦਾ ਹੋਇਆ ਕਿ ਬਰਮਾ ਨਿਵਾਸੀ ਕਈ ਸਿਖਾਂ ਵਿਚ ਏਹ ਖਿਆਲ ਪੈਦਾ ਹੋ ਗਿਆ ਸੀ ਕਿ ਕਿਸਿ ਪ੍ਰਾਣੀ ਨੂੰ ਇਕ ਵਾਰ ਅੰਮ੍ਰਿਤ ਛਕਾਇਆ ਮੁੜ ਅਨ-ਅੰਮ੍ਰਿਤ ਨਹੀਂ ਹੋ ਸਕਦਾ, ਭਾਵੇਂ ਉਹ ਅੰਮ੍ਰਿਤਧਾਰੀ ਚਾਰੇ ਵੱਡੀਆਂ ਕੁਰਹਿਤਾਂ ਯਾ ਏਹਨਾਂ ਵਿਚੋਂ ਕੋਈ ਇਕ ਕੁਰਹਿਤ ਕਰ ਕੇ ਪਤਿਤ ਹੀ ਕਿਉਂ ਨਾ ਹੋ ਜਾਵੇ। ਏਸ ਸਬੰਧ ਵਿਚ ਭਾਈ ਸਾਹਿਬ ਜੀ ਨੇ "ਪਤਿਤ ਨੂੰ ਅੰਮ੍ਰਿਤ ਦੀ ਲੋੜ" ਨਾਮੇ ਇਕ ਲੰਮਾ ਲੇਖ ਲਿਖਣਾ ਸ਼ੁਰੂ ਕੀਤਾ, ਜੋ ਪਹਿਲਾਂ ਹਫਤੇ-ਵਾਰ ਅਖਬਾਰ 'ਗੁਰ ਸੇਵਕ' ਅੰਮ੍ਰਿਤਸਰ ਵਿਚ ਛਪਦਾ ਰਿਹਾ, ਫੇਰ ਏਹੋ ਲੇਖ ਪੁਸਤਕ ਦੀ ਸ਼ਕਲ ਵਿਚ ਅਕਤੂਬਰ ੧੯੩੯ ਵਿਚ ਪਹਿਲੀ ਵਾਰ ਇਕ ਹਜ਼ਾਰ ਦੀ ਗਿਣਤੀ ਵਿਚ ਪ੍ਰਕਾਸ਼ਤ ਹੋਇਆ। ਪਹਿਲੀ ਐਡੀਸ਼ਨ ਖਤਮ ਹੋ ਜਾਣ ਪਰ ਦੂਜੀ ਤੇ ਇਹ ਤੀਜੀ ਐਡੀਸ਼ਨ ਪ੍ਰਕਾਸ਼ਤ ਕੀਤੀ ਗਈ ਹੈ।

ਏਸ ਪੁਸਤਕ ਦੇ ਸਾਰੇ ਪੰਦਰਾਂ ਪ੍ਰਕਰਣ ਹਨ, ਜਿਨ੍ਹਾਂ ਵਿਚ ਹੇਠ ਲਿਖੀਆਂ ਗੁਰਮਤ ਗੱਲਾਂ ਦਾ ਨਿਰਣਾ ਕੀਤਾ ਗਿਆ ਹੈ ਕਿ ਅੰਮ੍ਰਿਤ ਕਿਉਂ ਛਕਾਇਆ ਜਾਂਦਾ ਹੈ ? ਇਸ ਦੀ ਅੰਮ੍ਰਿਤ ਕਲਾ ਕਿਵੇਂ ਵਰਤਦੀ ਹੈ ਤੇ ਕਿਵੇਂ ਕਾਇਮ ਰਹਿ ਸਕਦੀ ਹੈ ? ਅੰਮ੍ਰਿਤ